Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 161 | Tuesday, August 17, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਟਰੂਡੋ ਵੱਲੋਂ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਐਲਾਨ

## 20 ਸਤੰਬਰ ਨੂੰ ਪੈਣਗੀਆਂ ਵੋਟਾਂ

ਓਟਵਾ, 16 ਅਗਸਤ (ਪੋਸਟ ਬਿਊਰੋ) : ਜਸਟਿਨ ਟਰੂਡੋ ਵੱਲੋਂ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਨਾਲ ਕੈਨੇਡੀਅਨਜ਼ 20 ਸਤੰਬਰ ਨੂੰ ਵੋਟਾਂ ਪਾਉਣਗੇ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਮਹਾਂਮਾਰੀ ਦੇ ਦੌਰ ਵਿੱਚ ਕੈਨੇਡੀਅਨਜ਼ ਕਿਸ ਨੂੰ ਵੋਟਾਂ ਪਾ ਕੇ ਦੇਸ਼ ਦੀ ਵਾਗਡੋਰ ਸਾਂਭਣ ਦਾ ਮੌਕਾ ਦਿੰਦੇ ਹਨ।

ਐਤਵਾਰ ਸਵੇਰ ਨੂੰ ਲਿਬਰਲ ਆਗੂ ਜਸਟਿਨ ਟਰੂਡੋ ਰੀਡੋ ਹਾਲ ਵਿੱਚ ਗਵਰਨਰ ਜਨਰਲ ਮੈਰੀ ਸਾਇਮਨ ਨਾਲ ਮੁਲਾਕਾਤ ਕਰਨ ਲਈ ਗਏ ਤੇ ਉਨ੍ਹਾਂ ਨੂੰ ਸੰਸਦ ਭੰਗ ਕਰਨ ਦੀ ਦਰਖੁਆਸਤ ਕੀਤੀ। ਗਵਰਨਰ ਜਨਰਲ ਵੱਲੋਂ 43ਵੀਂ ਸੰਸਦ ਭੰਗ ਕਰਨ ਦੀ ਟਰੂਡੋ ਦੀ ਅਪੀਲ ਨੂੰ ਮੰਨ ਲਿਆ ਗਿਆ। ਹੁਣ ਗਰਮੀਆਂ ਵਿੱਚ ਚੋਣਾਂ ਕਰਵਾਈਆਂ ਜਾਣਗੀਆਂ। ਵੋਟਾਂ ਪੈਣ ਲਈ 20 ਸਤੰਬਰ ਤਰੀਕ ਤੈਅ ਹੋਈ ਹੈ ਇਸ ਲਈ ਚੋਣ ਕੈਂਪੇਨ 36 ਦਿਨਾਂ ਦੀ ਹੋਵੇਗੀ।

ਪੰਜ ਹਫਤਿਆਂ ਦੀ ਇਸ ਚੋਣ ਕੈਂਪੇਨ ਤੋਂ ਕੈਨੇਡੀਅਨ ਇਹ ਅੰਦਾਜ਼ਾ ਲਾਉਣਗੇ ਕਿ ਉਨ੍ਹਾਂ ਨੇ ਮਹਾਂਮਾਰੀ ਦੌਰਾਨ ਕਿਸ ਆਗੂ ਨੂੰ ਦੇਸ਼ ਚਲਾਉਣ ਦੀ ਜ਼ਿੰਮੇਵਾਰੀ ਦੇਣੀ ਹੈ ਤੇ ਕਿਹੜਾ ਆਗੂ ਉਨ੍ਹਾਂ ਨੂੰ ਇਸ ਮਹਾਮਾਰੀ ਤੋਂ ਪਾਰ ਲਾਵੇਗਾ। ਸਾਇਮਨ ਨਾਲ ਮੁਲਾਕਾਤ



ਕਰਨ ਤੋਂ ਬਾਅਦ ਟਰੂਡੋ ਨੇ ਰੀਡੋ ਹਾਲ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਟਰੂਡੋ ਨੇ ਕੈਨੇਡੀਨਜ਼ ਲਈ ਆਖਿਆ ਕਿ ਤੁਸੀਂ ਜਿਹੜੀ ਸਰਕਾਰ ਚੁਣੋਂਗੇ ਉਹ ਤੈਅ ਕਰੇਗੀ ਕਿ ਤੁਹਾਡੇ ਬੱਚਿਆਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ। ਉਹ ਹੀ ਇਹ ਤੈਅ ਕਰੇਗੀ ਕਿ ਸਾਡਾ ਦੇਸ਼ ਕਿਸ ਦਿਸ਼ਾ ਵਿੱਚ ਜਾਵੇਗਾ। ਇਹ ਹੁਣ ਕੈਨੇਡੀਅਨਜ਼ ਨੇ ਤੈਅ ਕਰਨਾ ਹੈ ਕਿ ਕੋਵਿਡ-19 ਖਿਲਾਫ ਸੰਘਰਸ਼ ਲਈ ਕਿਹੜੀ ਪਾਰਟੀ ਨੂੰ ਚੁਣਨਾ ਹੈ ਜਿਹੜੀ ਉਨ੍ਹਾਂ ਦਾ ਪਾਰ ਉਤਾਰਾ ਕਰ ਸਕੇਗੀ।

ਇਸ ਮੌਕੇ ਪੱਤਰਕਾਰਾਂ ਨੇ ਟਰੂਡੋ ਨੂੰ ਇਹ ਵੀ ਪੁੱਛਿਆ ਕਿ ਉਨ੍ਹਾਂ ਵੱਲੋਂ ਤੇ ਉਨ੍ਹਾਂ ਦੇ ਕਾਕਸ ਵੱਲੋਂ ਵਾਰੀ ਵਾਰੀ ਇਹ ਆਖਿਆ ਗਿਆ ਸੀ ਕਿ ਮਹਾਂਮਾਰੀ ਦੌਰਾਨ ਚੋਣਾਂ ਕਰਵਾਉਣਾ ਉਨ੍ਹਾਂ ਦੇ ਪਲੈਨ ਵਿੱਚ ਸ਼ਾਮਲ ਨਹੀਂ ਹੈ? ਇਸ ਉੱਤੇ ਟਰੂਡੋ ਨੇ ਆਖਿਆ ਕਿ ਕੈਨੇਡੀਅਨਜ਼ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ ਤੇ ਅਸੀਂ ਉਹੀ ਕਰ ਰਹੇ ਹਾਂ। ਇਸ ਤੋਂ ਬਾਅਦ ਟਰੂਡੋ ਨੇ ਡਾਊਨਟਾਊਨ ਓਟਵਾ ਦੇ ਹੋਟਲ ਵਿੱਚ ਤਿਆਰ ਕੀਤੇ ਗਏ ਸਟੂਡੀਓ ਤੋਂ ਆਪਣੇ ਉਮੀਦਵਾਰਾਂ ਨਾਲ ਵਰਚੂਅਲ ਮੀਟਿੰਗ ਕੀਤੀ। ਫਿਰ ਉਹ ਬੱਸ ਰਾਹੀਂ ਬਲੇਨਵਿੱਲ, ਕਿਊਬਿਕ ਗਏ, ਜਿੱਥੇ ਉਨ੍ਹਾਂ ਇੱਕ ਕੈਫੇ ਪੈਟੀਓ ਵਿੱਚ ਲੋਕਲ ਉਮੀਦਵਾਰਾਂ ਤੇ ਆਪਣੇ ਸਮਰਥਕਾਂ ਨਾਲ ਮੁਲਾਕਾਤ ਕੀਤੀ। ਟਰੂਡੋ ਨੇ ਅਖੀਰ ਵਿੱਚ ਆਪਣੇ ਕਿਊਬਿਕ ਸਥਿਤ ਪੈਪੀਨਿਊ ਹਲਕੇ ਦਾ ਦੌਰਾ ਵੀ ਕੀਤਾ।

ਸਾਰੀਆਂ ਹੋਰਨਾਂ ਪਾਰਟੀਆਂ ਨੇ ਮਹਾਂਮਾਰੀ ਦਰਮਿਆਨ ਚੋਣਾਂ ਕਰਵਾਉਣ ਲਈ ਟਰੂਡੋ ਨੂੰ ਜ਼ਿੰਮੇਵਾਰ ਦੱਸਦਿਆਂ ਆਪੋ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। ਵਿਰੋਧੀ ਪਾਰਟੀਆਂ ਨੇ ਇਹ ਵੀ ਆਖਿਆ ਕਿ ਟਰੂਡੋ ਆਪਣੇ ਸਿਆਸੀ ਹਿਤਾਂ ਨੂੰ ਸਾਹਮਣੇ ਰੱਖ ਕੇ ਚੱਲ ਰਹੇ ਹਨ। ਪਰ ਇੱਥੇ ਇਹ ਦੱਸਣਾ ਬਣਦਾ ਹੈ ਕਿ ਪੂਰੀਆਂ ਗਰਮੀਆਂ ਸਾਰੀਆਂ ਸਿਆਸੀ ਪਾਰਟੀਆਂ ਚੁੱਪ ਚਪੀਤੇ ਇਨ੍ਹਾਂ ਚੋਣਾਂ ਲਈ ਤਿਆਰੀਆਂ ਕਰਦੀਆਂ ਰਹੀਆਂ ਹਨ ਤੇ ਆਪਣੀ ਚੋਣ ਕੈਂਪੇਨ ਚਲਾਉਂਦੀਆਂ ਰਹੀਆਂ ਹਨ।

# ਅਫ਼ਗਾਨਿਸਤਾਨ ਉੱਤੇ ਫਿਰ ਤਾਲਿਬਾਨ ਕਾਬਜ਼, ਅਸ਼ਰਫ ਗਨੀ ਤੇ ਹੋਰ ਵੱਡੇ ਲੀਡਰ ਦੇਸ਼ ਛੱਡ ਕੇ ਭੱਜੇ

## * ਕਾਬੁਲ ਏਅਰਪੋਰਟ ਉੱਤੇ ਭਾਜੜ, ਜਹਾਜ਼ ਤੋਂ ਡਿੱਗ ਕੇ ਦੋ ਲੋਕਾਂ ਦੀ ਮੌਤ





## * ਬਾਇਡੇਨ ਨੇ ਮਾੜੇ ਹਾਲਾਤ ਲਈ ਅਸ਼ਰਫ ਗਨੀ ਨੂੰ ਜ਼ਿਮੇਵਾਰ ਕਿਹਾ

ਕਾਬੁਲ, 16 ਅਗਸਤ, (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਇੱਕ ਵਾਰ ਫਿਰਤਾਲਿਬਾਨ ਦਾ ਕਬਜ਼ਾ ਹੋ ਗਿਆਹੈ ਤੇ ਉਨ੍ਹਾਂ ਦੇ ਆਉਂਦੇ ਸਾਰ ਇਸ ਦੇਸ਼ ਵਿੱਚ ਭਾਜੜ ਤੇ ਹਫੜਾ-ਦਫੜੀ ਦੀ ਹਾਲਤ ਹੋ ਗਈ ਹੈ।ਬਹੁਤ ਸਾਰੇ ਲੋਕ ਬੇਚੈਨੀ ਕਾਰਨਕਿਸੇ ਵੀ ਦੂਸਰੇ ਦੇਸ਼ ਭੱਜ ਜਾਣ ਦੀ ਕੋਸ਼ਿਸ਼ ਕਰਦੇ ਵੇਖੇ ਗਏ ਹਨ। ਇਸ ਦੌਰਾਨ ਸੋਮਵਾਰ ਨੂੰ ਇਕ ਦਿਲ ਕੰਬਾਊ ਘਟਨਾ ਹੋਈ, ਜਦੋਂ ਅਮਰੀਕਾ ਦੇ ਜਹਾਜ਼ ਵਿੱਚ ਸੀਟ ਨਾ ਮਿਲਣ ਉੱਤੇਕੁਝ ਲੋਕ ਉਸ ਦੇ ਪਹੀਏ ਨਾਲ ਲਟਕ ਗਏ, ਪਰ ਕੁਝ ਦੇਰ ਬਾਅਦ ਅਸਮਾਨ ਤੋਂ ਡਿੱਗ ਕੇ ਤਿੰਨਾਂ ਦੀ ਮੌਤ ਹੋ ਗਈ। ਲੋਕ ਜਾਨ ਬਚਾਉਣ ਲਈ ਕਿਸੇ ਵੀ ਤਰ੍ਹਾਂ ਦੇਸ਼ ਛੱਡਣਾ ਚਾਹੁੰਦੇ ਹੋਣ ਕਾਰਨ ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ ਉੱਤੇ ਲੋਕਾਂ ਦੀ ਕਾਬੂਤੋਂ ਬਾਹਰ ਹੋਈ ਭੀੜ ਸੰਭਾਲਣ ਲਈ ਫੌਜ ਜਾਂ ਕਿਸੇ ਸੁਰੱਖਿਆ ਏਜੰਸੀ ਵੱਲੋਂ ਚਲਾਈ ਗੋਲੀ ਵਿੱਚਪੰਜ ਲੋਕਾਂ ਦੀ ਮੌਤ ਹੋ ਗਈ ਹੈ।

ਵਰਨਣ ਯੋਗ ਹੈ ਕਿ ਇਸ ਐਤਵਾਰ ਤਾਲਿਬਾਨ ਨੇ ਅਫ਼ਗਾਨਿਸਤਾਨ ਉੱਤੇਇੱਕ ਵਾਰ ਫਿਰ ਕਬਜ਼ਾ ਕਰ ਲਿਆ ਹੈ। ਉਨ੍ਹਾਂ ਨੇ ਐਤਵਾਰ ਸਵੇਰ ਤੋਂ ਰਾਜਧਾਨੀ ਕਾਬਲ ਦੀ ਘੇਰਾਬੰਦੀ ਕਰ ਲਈ ਸੀਫਿਰ ਜਦੋਂ ਉਹ ਕਾਬੁਲ ਵਿੱਚ ਵੜੇ ਤਾਂ ਅਫ਼ਗਾਨਿਸਤਾਨ ਦੀ ਫੌਜ ਨੇ ਆਤਮ ਸਮੱਰਪਣ ਕਰ ਦਿੱਤਾ। ...ਬਾਕੀ ਪੰਨਾ 5 'ਤੇ

# ਕੰਜ਼ਰਵੇਟਿਵਾਂ ਨੇ ਜਾਰੀ ਕੀਤਾ ਕੈਨੇਡਾਜ਼ ਰਿਕਵਰੀ ਪਲੈਨ

ਓਟਵਾ, 16 ਅਗਸਤ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਵਿੱਚ ਕੈਨੇਡੀਅਨਜ਼ ਨਾਲ ਵਾਅਦਾ ਕੀਤਾ ਕਿ ਜੇ ਉਹ ਜਿੱਤਦੇ ਹਨ ਤਾਂ ਉਹ ਮਹਾਂਮਾਰੀ ਦਰਮਿਆਨ ਖੁੱਸੀਆਂ ਲੋਕਾਂ ਦੀਆਂ ਨੌਕਰੀਆਂ ਬਹਾਲ ਕਰਵਾਉਣਗੇ, ...ਬਾਕੀ ਪੰਨਾ 5 'ਤੇ

# ਅਫਗਾਨੀ ਇੰਟਰਪ੍ਰੈਟਰਜ਼ ਨੂੰ ਰੀਸੈਟਲ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ : ਟਰੂਡੋ

ਲੌਂਗੁਏਲ, ਕਿਊਬਿਕ, 16 ਅਗਸਤ (ਪੋਸਟ ਬਿਊਰੋ) :ਅਫਗਾਨਿਸਤਾਨ ਵਿੱਚ ਤੇਜ਼ੀ ਨਾਲ ਵਿਗੜ ਰਹੇ ਹਾਲਾਤ ਦਰਮਿਆਨ ਲਿਬਰਲ ਆਗੂ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਆਖਿਆ ਕਿ ਸਰਕਾਰ ਜਲਦ ਤੋਂ ਜਲਦ ਹਜ਼ਾਰਾਂ ਦੀ ਗਿਣਤੀ ਵਿੱਚ ਅਫਗਾਨੀਆਂ ਨੂੰ ਰੀਸੈਟਲ ਕਰਨ ਲਈ ਵਚਨਬੱਧ ਹੈ।

ਕਿਊਬਿਕ ਵਿੱਚ ਚੋਣ ਮੁਹਿੰਮ ਦੌਰਾਨ ਇੱਕ ਥਾਂ ਉੱਤੇ ਰੁਕਣ ਸਮੇਂ ਟਰੂਡੋ ਨੇ ਆਖਿਆ ਕਿ ਸੋਮਵਾਰ ਤੱਕ ਘੱਟੋ ਘੱਟ 807 ਅਫਗਾਨੀ ਲੋਕਾਂ ਨੂੰ ਉੱਥੋਂ ਕੱਢ ਲਿਆ ਗਿਆ ਸੀ ਤੇ 500 ਕੈਨੇਡਾ ਵੀ ਪਹੁੰਚ ਚੁੱਕੇ ਹਨ। ਟਰੂਡੋ ਨੇ ਆਖਿਆ ਕਿ ਅਫਗਾਨਿਸਤਾਨ ਵਿੱਚ ਚੱਲ ਰਹੀ ਹਿੰਸਾ ਦੀ ਅਸੀਂ ਨਿਖੇਧੀ ਕਰਦੇ ਹਾਂ। ਉਨ੍ਹਾਂ ਆਖਿਆ ਕਿ 20,000 ਅਫਗਾਨੀਆਂ ਨੂੰ ਮੁੜ ਵਸਾਉਣ ਲਈ ਕੀਤੇ ਗਏ ਵਾਅਦੇ ਮੁਤਾਬਕ ਕੈਨੇਡਾ, ਅਮਰੀਕਾ ਤੇ ਯੂਕੇ ਦੇ ਨਾਲ ਨਾਲ ਕੌਮਾਂਤਰੀ ਏਡ ਆਰਗੇਨਾਈਜ਼ੇਸ਼ਨਜ਼ ਨਾਲ ਰਲ ਕੇ ਕੰਮ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਕੰਮ ਚੱਲ ਰਿਹਾ ਹੈ।

ਟਰੂਡੋ ਨੇ ਆਖਿਆ ਕਿ ਇਸ ਸਮੇਂ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਏਅਰਕ੍ਰਾਫਟ ਸਮੇਤ ਕੁਵੈਤ ਤੋਂ ਬਾਹਰ ਰੀਜਨ ਵਿੱਚ ਤਾਇਨਾਤ ਹਨ। ਐਤਵਾਰ ਨੂੰ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਉੱਤੇ ਤਾਲਿਬਾਨ ਦਾ ਕਬਜਾ ਹੋਣ ਤੋਂ ਬਾਅਦ ਸਥਿਤੀ ਹਰ ਕਸੂਤੀ ਬਣ ਗਈ ਹੈ। ਕਈ ਹਫਤਿਆਂ ਤੋਂ ਅਫਗਾਨੀ ਇੰਟਰਪ੍ਰੈਟਰਜ਼, ਜਿਨ੍ਹਾਂ ਨੇ ਮਿਸ਼ਨ ਦੌਰਾਨ ਕੈਨੇਡੀਅਨ ਫੌਜ ਦੀ ਮਦਦ ਕੀਤੀ, ਦੇਸ਼ ਛੱਡਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਕੈਨੇਡੀਅਨ ਸਰਕਾਰ ਕੋਲ ਵੀ ਮਦਦ ਲਈ ਕਈ ਵਾਰੀ ਅਪੀਲ ਕੀਤੀ ਜਾ ਚੁੱਕੀ ਹੈ।

ਇੱਕ ਇੰਟਰਪ੍ਰੈਟਰ ਨੇ ਐਤਵਾਰ ਨੂੰ ਦੱਸਿਆ ਕਿ ਉਸ ਵੱਲੋਂ ਸਾਰੇ ਜ਼ਰੂਰੀ ਕਾਗਜ਼ਾਤ ਵੀ ਭਰੇ ਜਾ ਚੁੱਕੇ ਹਨ ਤੇ ਕੈਨੇਡਾ ਆਉਣ ਲਈ ਸਾਰੇ ਟੈਸਟ ਵੀ ਕਰਵਾਏ ਜਾ ਚੁੱਕੇ ਹਨ ਪਰ ਅਜੇ ਤੱਕ ਫਲਾਈਟਸ ਦਾ ਕੋਈ ਨਾਮੋ ਨਿਸ਼ਾਨ ਤੱਕ ਸੁਣਨ ਨੂੰ ਨਹੀਂ ਮਿਲਿਆ। ਅਜੇ ਵੀ ਕਾਬੁਲ ਵਿੱਚ 1000 ਦੇ ਨੇੜੇ ਤੇੜੇ ਇੰਟਰਪ੍ਰੈਟਰਜ਼ ਹਨ। ਕਈ ਨੇ ਅਫਗਾਨਿਸਤਾਨ ਤੋਂ ਨਿਕਲਣ ਲਈ ਏਅਰਪੋਰਟ ਦਾ ਰੁਖ ਵੀ ਕੀਤਾ ਪਰ ਉਨ੍ਹਾਂ ਨੂੰ ਸਫਲਤਾ ਹਾਸਲ ਨਹੀਂ ਹੋਈ। ਹੁਣ ਇਨ੍ਹਾਂ ਇੰਟਰਪ੍ਰੈਟਰਜ਼ ਲਈ ਮੁਸ਼ਕਲਾਂ ਹੋਰ ਵੱਧ ਗਈਆਂ ਹਨ ਕਿਉਂਕਿ ਕੈਨੇਡਾ ਨੇ ਕਾਬੁਲ ਵਿਚਲੀ ਆਪਣੀ ਅੰਬੈਸੀ ਬੰਦ ਕਰ ਦਿੱਤੀ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਹੈਲਥਕੇਅਰ ਤੇ ਐਜੂਕੇਸ਼ਨ ਵਰਕਰਜ਼ ਲਈ ਵੈਕਸੀਨੇਸ਼ਨ ਲਾਜ਼ਮੀ ਕਰੇਗੀ ਫੋਰਡ ਸਰਕਾਰ?



ਟੋਰਾਂਟੋ, 16 ਅਗਸਤ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਆਪਣੇ ਮੰਤਰੀ ਮੰਡਲ ਨਾਲ ਮੁਲਾਕਾਤ ਕਰਕੇ ਇਹ ਵਿਚਾਰੇ ਜਾਣ ਦੀ ਸੰਭਾਵਨਾ ਹੈ ਕਿ ਹੈਲਥਕੇਅਰ ਤੇ ਐਜੂਕੇਸ਼ਨ ਵਰਕਰਜ਼ ਲਈ ਕੋਵਿਡ-19 ਵੈਕਸੀਨੇਸ਼ਨ ਨੂੰ ਲਾਜ਼ਮੀ ਬਣਾਇਆ ਜਾਵੇ। ਇਹ ਜਾਣਕਾਰੀ ਅੰਦਰੂਨੀ ਸੂਤਰਾਂ ਨੇ ਦਿੱਤੀ।

ਇਸ ਤੋਂ ਪਹਿਲਾਂ ਫੋਰਡ ਸਰਕਾਰ ਕੁੱਝ ਫਰੰਟਲਾਈਨ ਵਰਕਰਾਂ ਲਈ ਵੈਕਸੀਨੇਸ਼ਨ ਲਾਜ਼ਮੀ ਕਰਨ ਬਾਰੇ ਸਵਾਲਾਂ ਨੂੰ ਟਾਲਦੀ ਰਹੀ ਹੈ। ਪਰ ਮਹਾਂਮਾਰੀ ਦੀ ਚੌਥੀ ਵੇਵ ਆ ਜਾਣ ਤੋਂ ਬਾਅਦ ਹਰ ਨੌਂਵੇਂ ਦਿਨ ਮਗਰੋਂ ਕੋਵਿਡ-19 ਮਾਮਲੇ ਦੁੱਗਣੇ ਹੋਣ ਕਾਰਨ ਹੁਣ ਸਰਕਾਰ ਉੱਤੇ ਪਿਛਲੇ ਕੁੱਝ ਹਫਤਿਆਂ ਵਿੱਚ ਅਜਿਹਾ ਕਰਨ ਲਈ ਦਬਾਅ ਕਾਫੀ ਵੱਧ ਗਿਆ ਹੈ। ਪਿਛਲੇ ਹਫਤੇ ਓਨਟਾਰੀਓ ਮੈਡੀਕਲ ਐਸੋਸਿਏਸ਼ਨ ਅਤੇ ਓਨਟਾਰੀਓ ਪਬਲਿਕ ਸਕੂਲ ਬੋਰਡਜ਼ ਐਸੋਸਿਏਸ਼ਨ ਵੱਲੋਂ ਬਿਆਨ ਜਾਰੀ ਕਰਕੇ ਫੋਰਡ ਸਰਕਾਰ ਨੂੰ ਕੁੱਝ ਵਰਕਰਜ਼ ਲਈ ਵੈਕਸੀਨੇਸ਼ਨ ਲਾਜ਼ਮੀ ਕਰਨ ਦੀ ਮੰਗ ਕੀਤੀ ਗਈ।

ਸੂਤਰਾਂ ਨੇ ਇਹ ਵੀ ਦੱਸਿਆ ਕਿ ਟੋਰਾਂਟੋ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ• ਕੀਰਨ ਮੂਰ ਵੱਲੋਂ ਵੀ ਹੈਲਥਕੇਅਰ ਤੇ ਐਜੂਕੇਸ਼ਨ ਵਰਕਰਜ਼ ਲਈ ਵੈਕਸੀਨੇਸ਼ਨ ਪਾਲਿਸੀ ਲਾਜ਼ਮੀ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਜੇ ਰਿਪੋਰਟਾਂ ਨੂੰ ਸੱਚ ਮੰਨਿਆ ਜਾਵੇ ਤਾਂ ਓਨਟਾਰੀਓ ਦੇ ਡਾਕਟਰਾਂ ਵੱਲੋਂ ਹੈਲਥ ਕੇਅਰ ਵਰਕਰਜ਼ ਲਈ ਵੈਕਸੀਨ ਲਾਜ਼ਮੀ ਕਰਨ ਵਾਸਤੇ ਫੋਰਡ ਸਰਕਾਰ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਓਨਟਾਰੀਓ ਮੈਡੀਕਲ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਡਾ• ਐਡਮ ਕਸਾਮ ਨੇ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਸੱਭ ਤੋਂ ਬਿਹਤਰੀਨ ਤਰੀਕਾ ਵੈਕਸੀਨੇਸ਼ਨ ਹੈ। ਅਜਿਹਾ ਕਰਕੇ ਅਸੀਂ ਆਪਣੇ ਮਰੀਜ਼ਾਂ, ਦੋਸਤਾਂ ਤੇ ਪਰਿਵਾਰਾਂ ਦੀ ਹਿਫਾਜ਼ਤ ਕਰ ਸਕਦੇ ਹਾਂ।

ਕੁੱਝ ਹਸਪਤਾਲਾਂ ਵੱਲੋਂ ਪਹਿਲਾਂ ਹੀ ਵੈਕਸੀਨ ਪਾਲਿਸੀਜ਼ ਐਲਾਨੀਆਂ ਜਾ ਚੁੱਕੀਆਂ ਹਨ ਜਿਵੇਂ ਕਿ ਯੂਨੀਵਰਸਿਟੀਜ਼ ਹੈਲਥ ਨੈੱਟਵਰਕ ਵੱਲੋਂ ਇਹ ਸ਼ਰਤ ਰੱਖੀ ਗਈ ਹੈ ਕਿ ਕੰਮ ਉੱਤੇ ਆਉਣ ਤੋਂ ਪਹਿਲਾਂ ਉਨ੍ਹਾਂ ਮੁਲਾਜ਼ਮਾਂ ਨੂੰ ਨੈਗੇਟਿਵ ਰੈਪਿਡ ਟੈਸਟ ਰਿਪੋਰਟ ਪੇਸ਼ ਕਰਨੀ ਹੋਵੇਗੀ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ। ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੁੱਝ ਵਰਕਰਜ਼ ਲਈ ਵੈਕਸੀਨੇਸ਼ਨ ਲਾਜ਼ਮੀ ਕਰਨ ਦੇ ਫੋਰਡ ਸਰਕਾਰ ਦੇ ਫੈਸਲੇ ਦਾ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਵੱਲੋਂ ਸਵਾਗਤ ਕੀਤਾ ਗਿਆ ਹੈ।


SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca





ukttc
UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ


Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936


Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor










For More Details Call: 416-970-5005/647-242-8667





Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*




# ਚੱਲਦੇ ਹੋਏ ਅਮਰੀਕੀ ਜਹਾਜ਼ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰਦੇ ਸੱਤ ਅਫਗਾਨੀ ਮਰੇ



ਕਾਬੁਲ, 16 ਅਗਸਤ (ਪੋਸਟ ਬਿਊਰੋ) : ਅਫਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਕੀਤੇ ਜਾ ਰਹੇ ਕਬਜੇ ਦੇ ਮੱਦੇਨਜ਼ਰ ਆਪਣਾ ਦੇਸ਼ ਛੱਡਣ ਦੀ ਕੋਸ਼ਿਸ਼ ਕਰਨ ਲਈ ਕਈ ਅਫਗਾਨੀ ਐਨੇ ਕਾਹਲੇ ਪੈ ਗਏ ਕਿ ਉਨ੍ਹਾਂ ਨੇ ਟੇਕ ਆਫ ਕਰਨ ਦੀ ਕੋਸ਼ਿਸ਼ ਕਰ ਰਹੇ ਅਮੈਰੀਕਨ ਮਿਲਟਰੀ ਦੇ ਜਹਾਜ਼ ਦੇ ਉੱਪਰ ਚੜ੍ਹਨ ਲਈ ਚੰਹੁ ਪਾਸਿਆਂ ਤੋਂ ਬੜੇ ਹੱਥ ਪੈਰ ਮਾਰੇ। ਇਸ ਕੋਸ਼ਿਸ਼ ਦੌਰਾਨ ਹੀ ਘੱਟੋ ਘੱਟ ਸੱਤ ਲੋਕ ਮਾਰੇ ਗਏ। ਇਹ ਜਾਣਕਾਰੀ ਅਮਰੀਕੀ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਪੱਛਮੀ ਮੁਲਕਾਂ ਦੀ ਸਹਾਇਤਾ ਨਾਲ ਚੱਲ ਰਹੀ ਅਫਗਾਨਿਸਤਾਨੀ ਸਰਕਾਰ ਨੂੰ ਇੱਕ ਹਫਤੇ ਦੇ ਅੰਦਰ ਅੰਦਰ ਚੱਲਦਾ ਕਰਕੇ ਤਾਲਿਬਾਨ ਵੱਲੋਂ ਇੱਕ ਵਾਰੀ ਮੁੜ ਰਾਜਧਾਨੀ ਸਮੇਤ ਪੂਰੇ ਦੇਸ਼ ਉੱਤੇ ਕਬਜਾ ਕਰ ਲਏ ਜਾਣ ਕਾਰਨ ਸਥਾਨਕ ਲੋਕਾਂ ਵਿੱਚ ਕਾਫੀ ਘਬਰਾਹਟ ਪਾਈ ਜਾ ਰਹੀ ਹੈ।ਲੋਕਾਂ ਦੀ ਘਬਰਾਹਟ ਇਸ ਲਈ ਵੀ ਜਾਇਜ਼ ਹੈ ਕਿਉਂਕਿ ਅਫਗਾਨਿਸਤਾਨ ਦੇ ਕਈ ਇਲਾਕਿਆਂ ਉੱਤੇ ਕਬਜਾ ਕਰਦੇ ਸਾਰ ਹੀ ਤਾਲਿਬਾਨ ਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਵੱਲੋਂ ਕਈ ਜੇਲ੍ਹਾਂ ਵਿੱਚੋਂ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ ਤੇ ਹਥਿਆਰ ਲੁੱਟ ਲਏ ਗਏ ਹਨ।

ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਵੀ ਦੇਸ਼ ਛੱਡ ਕੇ ਜਾ ਚੁੱਕੇ ਹਨ ਤੇ ਇਸ ਨਾਲ ਅਮਰੀਕਾ ਦੀ ਅਗਵਾਈ ਵਿੱਚ ਦੋ ਦਹਾਕੇ ਤੱਕ ਅਫਗਾਨਿਸਤਾਨ ਦੀ ਕਾਇਆ ਕਲਪ ਕਰਨ ਦੀ ਚੱਲੀ ਮੁਹਿੰਮ ਦਾ ਵੀ ਭੋਗ ਪੈ ਗਿਆ ਹੈ। ਦੇਸ਼ ਦੀਆਂ ਪੱਛਮੀਂ ਦੇਸ਼ਾਂ ਹੱਥੋਂ ਸਿਖਲਾਈ ਪ੍ਰਾਪਤ ਕਰ ਚੁੱਕੀਆਂ ਸਕਿਊਰਿਟੀ ਫੋਰਸਿਜ਼ ਦਾ ਜਾਂ ਤਾਂ ਵਜੂਦ ਹੀ ਨਹੀਂ ਰਿਹਾ ਤੇ ਜਾਂ ਉਹ ਵੀ ਦੇਸ਼ ਛੱਡ ਕੇ ਜਾ ਚੁੱਕੀਆਂ ਹਨ।

ਸੋਸ਼ਲ ਮੀਡੀਆ ਉੱਤੇ ਸਰਕੂਲੇਟ ਹੋ ਰਹੀਆਂ ਕਈ ਵੀਡੀਓਜ਼ ਵਿੱਚ ਨਜ਼ਰ ਆ ਰਿਹਾ ਹੈ ਕਿ ਸੈਂਕੜੇ ਅਫਗਾਨੀ ਚੱਲਦੇ ਹੋਏ ਅਮਰੀਕੀ ਜਹਾਜ਼ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਅਮਰੀਕੀ ਫੌਜ ਵੱਲੋਂ ਉਨ੍ਹਾਂ ਨੂੰ ਹਟ ਜਾਣ ਲਈ ਹਵਾ ਵਿੱਚ ਕੀਤੇ ਗਏ ਫਾਇਰ ਦੇ ਬਾਵਜੂਦ ਲੋਕ ਨਹੀਂ ਹਟੇ। ਕਈ ਲੋਕ ਤਾਂ ਜਹਾਜ਼ ਦੇ ਸਟੇਅਰਕੇਸ, ਉਸ ਦੀ ਰੇਲਿੰਗ ਤੇ ਉਸ ਦੇ ਟਾਇਰਾਂ ਨਾਲ ਵੀ ਲਮਕ ਗਏ ਤਾਂ ਕਿ ਜਹਾਜ਼ ਨਾਲ ਹੀ ਉਹ ਵੀ ਉਡਾਨ ਭਰ ਸਕਣ। ਪਰ ਜਦੋਂ ਹੀ ਜਹਾਜ਼ ਨੇ ਉਡਾਨ ਭਰੀ ਤਾਂ ਕਈ ਲੋਕ ਹੇਠਾਂ ਡਿੱਗ ਕੇ ਮਰ ਗਏ। ਕੁੱਝ ਸੂਤਰਾਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਇਸ ਘਟਨਾਕ੍ਰਮ ਕਾਰਨ ਮਚੀ ਭਗਦੜ ਤੇ ਹਵਾਈ ਜਹਾਜ਼ ਵਿੱਚੋਂ ਡਿੱਗ ਜਾਣ ਕਾਰਨ ਸੱਤ ਲੋਕ ਮਾਰੇ ਗਏ।

# ਅਫਗਾਨਿਸਤਾਨ ਵਿੱਚੋਂ ਅਮਰੀਕੀ ਫੌਜ ਵਾਪਿਸ ਸੱਦਣ ਦਾ ਫੈਸਲਾ ਬਿਲਕੁਲ ਸਹੀ : ਬਾਇਡਨ

ਵਾਸ਼ਿੰਗਟਨ, 16 ਅਗਸਤ (ਪੋਸਟ ਬਿਊਰੋ) : ਅਫਗਾਨਿਸਤਾਨ ਵਿੱਚ ਤੇਜ਼ੀ ਨਾਲ ਤਾਲਿਬਾਨ ਵੱਲੋਂ ਕਬਜਾ ਕਰ ਲਏ ਜਾਣ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਤਸਵੀਰਾਂ ਸਾਹਮਣੇ ਆਉਣ ਦੇ ਬਾਵਜੂਦ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦਾ ਕਹਿਣਾ ਹੈ ਕਿ ਅਮਰੀਕੀ ਫੌਜਾਂ ਨੂੰ ਉੱਥੋਂ ਬਾਹਰ ਕੱਢਣ ਦਾ ਫੈਸਲਾ ਬਿਲਕੁਲ ਸਹੀ ਹੈ।

ਬਾਇਡਨ ਨੇ ਆਖਿਆ ਕਿ ਉਨ੍ਹਾਂ ਨੂੰ ਦੋ ਵਿੱਚੋਂ ਇੱਕ ਫੈਸਲਾ ਕਰਨਾ ਪੈਣਾ ਸੀ ਜਾਂ ਤਾਂ ਉਹ ਪਹਿਲਾਂ ਤੋਂ ਹੋਏ ਫੈਸਲੇ ਮੁਤਾਬਕ ਇਸ ਸਾਲ ਅਮਰੀਕੀ ਫੌਜਾਂ ਨੂੰ ਵਾਪਿਸ ਸੱਦ ਲੈਂਦੇ ਤੇ ਜਾਂ ਫਿਰ ਹਜ਼ਾਰਾਂ ਸੈਨਿਕਾਂ ਨੂੰ ਤੀਜੇ ਦਹਾਕੇ ਦੇ ਸੰਘਰਸ਼ ਲਈ ਅਫਗਾਨਿਸਤਾਨ ਭੇਜ ਦਿੰਦੇ। ਹਾਲਾਤ ਨਾਲ ਸਹੀ ਢੰਗ ਨਾਲ ਨਾ ਨਜਿੱਠਣ ਦੀ ਨੁਕਤਾਚੀਨੀ ਦਰਮਿਆਨ ਬਾਇਡਨ ਨੇ ਆਖਿਆ ਕਿ ਉਨ੍ਹਾਂ ਵੱਲੋਂ ਪਿਛਲੀਆਂ ਗਲਤੀਆਂ ਤੋਂ ਸਬਕ ਲੈਂਦਿਆਂ ਉਨ੍ਹਾਂ ਨੂੰ ਨਾ ਦੁਹਰਾਉਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਨੂੰ ਕੋਈ ਪਛਤਾਵਾ ਨਹੀਂ ਹੈ।



ਕੈਂਪ ਡੇਵਿਡ ਤੋਂ ਪਰਤਣ ਤੋਂ ਬਾਅਦ ਵਾਈਟ ਹਾਊਸ ਤੋਂ ਟੀਵੀ ਰਾਹੀਂ ਜਨਤਾ ਨੂੰ ਸੰਬੋਧਨ ਕਰਦਿਆਂ ਬਾਇਡਨ ਨੇ ਆਖਿਆ ਕਿ 20 ਸਾਲਾਂ ਦੇ ਤਜਰਬੇ ਤੋਂ ਬਾਅਦ ਉਨ੍ਹਾਂ ਇਹ ਸਿੱਖਿਆ ਹੈ ਕਿ ਅਮਰੀਕੀ ਫੌਜਾਂ ਨੂੰ ਵਾਪਿਸ ਸੱਦਣ ਲਈ ਕਦੇ ਵੀ ਕੋਈ ਸਹੀ ਸਮਾਂ ਨਹੀਂ ਸੀ ਹੋਣਾ। ਬਾਇਡਨ ਦੇ ਇਸ ਫੈਸਲੇ ਤੋਂ ਕਈ ਅਸਹਿਮਤ ਹਨ। ਪਰ ਬਾਇਡਨ ਨੇ ਆਖਿਆ ਕਿ ਉਹ ਅਮਰੀਕੀ ਫੌਜ ਨੂੰ ਹਰ ਸਮੇਂ ਲਈ ਅਫਗਾਨਿਸਤਾਨ ਵਿੱਚ ਰੱਖਣ ਦੀ ਥਾਂ ਇਹ ਨੁਕਤਾਚੀਨੀ ਬਰਦਾਸ਼ਤ ਕਰ ਲੈਣਗੇ।ਅਫਗਾਨਿਸਤਾਨ ਨੂੰ ਛੱਡਣਾ ਅਮਰੀਕਾ ਲਈ ਸਹੀ ਫੈਸਲਾ ਹੈ ਕਿਉਂਕਿ ਆਪਣੀਆਂ ਫੌਜਾਂ ਅਫਗਾਨਿਸਤਾਨ ਵਿੱਚ ਰੱਖਣਾ ਅਮਰੀਕਾ ਦੀ ਨੈਸ਼ਨਲ ਸਕਿਊਰਿਟੀ ਦੇ ਹਿਤਾਂ ਵਿੱਚ ਨਹੀਂ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਅਮਰੀਕਾ ਅਫਗਾਨੀ ਲੋਕਾਂ ਦਾ ਸਮਰਥਨ ਕਰਦਾ ਰਹੇਗਾ, ਰੀਜਨਲ ਡਿਪਲੋਮੈਸੀ ਲਈ ਵੀ ਜ਼ੋਰ ਲਾਵੇਗਾ ਤੇ ਅਫਗਾਨੀ ਲੋਕਾਂ ਦੇ ਅਧਿਕਾਰਾਂ ਲਈ ਵੀ ਲੜੇਗਾ।

# ਨਵੀਂ ਫੈਡਰਲ ਸਰਕਾਰ ਨਾਲ ਕਿਫਾਇਤੀ ਚਾਈਲਡ ਕੇਅਰ ਬਾਰੇ ਡੀਲ ਕਰੇਗਾ ਓਨਟਾਰੀਓ : ਲਿਚੇ

ਟੋਰਾਂਟੋ, 16 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਕਿਫਾਇਤੀ ਚਾਈਲਡ ਕੇਅਰ ਦੇ ਸਬੰਧ ਵਿੱਚ ਫੈਡਰਲ ਲਿਬਰਲਾਂ ਨਾਲ ਡੀਲ ਕਰਨ ਲਈ ਤਿਆਰ ਹੈ।

ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲਿਚੇ ਨੇ ਆਖਿਆ ਕਿ ਐਤਵਾਰ ਨੂੰ ਫੈਡਰਲ ਚੋਣਾਂ ਦੇ ਐਲਾਨ ਤੋਂ ਪਹਿਲਾਂ ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਚਾਈਲਡ ਕੇਅਰ ਪਲੈਨ ਲਿਆਉਣ ਬਾਰੇ ਗੱਲਬਾਤ ਦੇ ਆਖਰੀ ਪੜਾਅ ਉੱਤੇ ਸੀ।ਫੈਡਰਲ ਲਿਬਰਲਾਂ ਨੇ ਦੇਸ਼ ਭਰ ਵਿੱਚ ਚਾਈਲਡ ਕੇਅਰ ਕੀਮਤਾਂ ਨੂੰ ਘਟਾ ਕੇ ਦਿਨ ਦੇ 10 ਡਾਲਰ ਤੱਕ ਲਿਆਉਣ ਲਈ




ਅਗਲੇ ਪੰਜ ਸਾਲਾਂ ਵਿੱਚ 30 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਸੀ।ਉਨ੍ਹਾਂ ਪਾਰਲੀਆਮੈਂਟ ਭੰਗ ਹੋਣ ਤੋਂ ਪਹਿਲਾਂ ਅੱਠ ਪ੍ਰੋਵਿੰਸਾਂ ਤੇ ਦੋ ਟੈਰੇਟਰੀਜ਼ ਨਾਲ ਦੁਵੱਲੇ ਸਮਝੌਤੇ ਦਾ ਕਰਾਰ ਵੀ ਕੀਤਾ ਸੀ।

ਲਿਚੇ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਜਿਨ੍ਹਾਂ ਕੈਨੇਡੀਅਨ ਬੱਚਿਆਂ ਨੂੰ ਚਾਈਲਡ ਕੇਅਰ ਦੀ ਲੋੜ ਹੈ ਉਹ ਪ੍ਰੋਵਿੰਸ ਵਿੱਚ ਰਹਿੰਦੇ ਹਨ ਤੇ ਇਸ ਲਈ ਚਾਈਲਡ ਕੇਅਰ ਸਮਝੌਤੇ ਵਿੱਚ ਓਨਟਾਰੀਓ ਦੀਆਂ ਖਾਸ ਵਿਸ਼ੇਸ਼ਤਾਈਆਂ ਦੀ ਝਲਕ ਵੀ ਮਿਲਣੀ ਚਾਹੀਦੀ ਹੈ।ਉਨ੍ਹਾਂ ਅੱਗੇ ਆਖਿਆ ਕਿ ਇਸ ਦੇ ਨਾਲ ਹੀ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਵਿੱਚ ਉਹ ਚਾਹੁੰਦੇ ਹਨ ਕਿ ਨਿੱਕੇ ਬੱਚਿਆਂ ਦੇ ਅਰਲੀ ਲਰਨਿੰਗ ਤੱਤਾਂ ਨੂੰ ਵੀ ਸ਼ਾਮਲ ਕੀਤਾ ਜਾਵੇ।

ਲਿਚੇ ਨੇ ਆਖਿਆ ਕਿ ਸਤੰਬਰ ਵਿੱਚ ਜਿਹੜੀ ਵੀ ਫੈਡਰਲ ਸਰਕਾਰ ਚੁਣੀ ਜਾਂਦੀ ਹੈ ਓਨਟਾਰੀਓ ਵਧੇਰੇ ਕਿਫਾਇਤੀ ਚਾਈਲਡ ਕੇਅਰ ਲਈ ਉਸ ਨਾਲ ਕੰਮ ਕਰੇਗਾ।

# ਚੋਣ ਕੈਂਪੇਨ ਦੇ ਪਹਿਲੇ ਦਿਨ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਓਨਟਾਰੀਓ ਤੇ ਕਿਊਬਿਕ ਵਿੱਚ ਡੇਰੇ ਲਾਏ



ਓਟਵਾ, 16 ਅਗਸਤ (ਪੋਸਟ ਬਿਊਰੋ) : ਟਰੂਡੋ ਵੱਲੋਂ ਚੋਣਾਂ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਫੈਡਰਲ ਚੋਣ ਕੈਂਪੇਨ ਦੀ ਰਸਮੀ ਸ਼ੁਰੂਆਤ ਅੱਜ ਤੋਂ ਹੋ ਗਈ।

ਸਵੇਰੇ 10:00 ਵਜੇ ਨਿਊਜ਼ ਕਾਨਫਰੰਸ ਕਰਨ ਤੋਂ ਬਾਅਦ ਲਿਬਰਲ ਆਗੂ ਜਸਟਿਨ ਟਰੂਡੋ ਅੱਜ ਲੌਂਗੁਇਲ, ਕਿਊਬਿਕ ਛੱਡਣਗੇ ਤੇ ਰਸਤੇ ਵਿੱਚ ਕਈ ਥਾਂਵਾਂ ਉੱਤੇ ਰੁਕਦੇ ਹੋਏ ਕੋਬਰਗ, ਓਨਟਾਰੀਓ ਜਾਣਗੇ।ਸਵੇਰ ਵੇਲੇ ਟਰੂਡੋ ਵੱਲੋਂ ਕੀਤੇ ਜਾਣ ਵਾਲੇ ਐਲਾਨ ਤੋਂ ਬਾਅਦ ਐਨਡੀਪੀ ਆਗੂ ਜਗਮੀਤ ਸਿੰਘ ਟੋਰਾਂਟੋ ਵਿੱਚ ਚੋਣਾਂ ਸਬੰਧੀ ਐਲਾਨ ਕਰਨਗੇ।ਲਿਬਰਲਾਂ ਦੇ ਇਸ ਗੜ੍ਹ ਨੂੰ ਜਗਮੀਤ ਸਿੰਘ ਸੰਤਰੀ ਰੰਗ ਵਿੱਚ ਰੰਗਣਾਂ ਚਾਹੁੰਦੇ ਹਨ।

ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਅੱਜ ਓਟਵਾ ਡੇਰਾ ਲਾਉਣਗੇ।ਪਰ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਤੇ ਓਨਟਾਰੀਓ ਦੀਆਂ ਕਮਿਊਨਿਟੀਜ਼ ਨੂੰ ਉਹ ਵਰਚੂਅਲ ਟੈਲੀਫੋਨ ਟਾਊਨ ਹਾਲਜ਼ ਰਾਹੀਂ ਸੰਬੋਧਨ ਕਰਨਗੇ।ਇਸ ਦੌਰਾਨ ਉਨ੍ਹਾਂ ਦੀ ਟੀਮ ਵੱਲੋਂ ਵੱਡੇ ਐਲਾਨ ਦੇ ਸੰਕੇਤ ਵੀ ਦਿੱਤੇ ਜਾ ਰਹੇ ਹਨ।

ਟਰੂਡੋ ਦੀ ਬੇਨਤੀ ਉੱਤੇ ਗਵਰਨਰ ਜਨਰਲ ਮੈਰੀ ਸਾਇਮਨ ਨੇ ਐਤਵਾਰ ਸਵੇਰੇ ਸੰਸਦ ਭੰਗ ਕਰ ਦਿੱਤੀ ਸੀ ਤੇ ਹੁਣ ਕੈਨੇਡਾ ਵਿੱਚ 20 ਸਤੰਬਰ ਨੂੰ ਵੋਟਾਂ ਪੈਣਗੀਆਂ।

# ਕਿਊਬਿਕ ਵਾਸੀਆਂ ਦਾ ਦਿਲ ਜਿੱਤਣ ਲਈ ਜਗਮੀਤ ਸਿੰਘ ਨੇ ਮਾਂਟਰੀਅਲ ਤੋਂ ਕੀਤੀ ਚੋਣ ਮੁਹਿੰਮ ਦੀ ਸ਼ੁਰੂਆਤ

ਮਾਂਟਰੀਅਲ, 16 ਅਗਸਤ (ਪੋਸਟ ਬਿਊਰੋ) : ਨਿਊ ਡੈਮੋਕ੍ਰੇਟ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਐਤਵਾਰ ਨੂੰ ਕਿਊਬਿਕ ਤੋਂ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। 2011 ਵਿੱਚ ਐਨਡੀਪੀ ਨੂੰ ਇੱਥੇ ਕਾਫੀ ਚੜ੍ਹਤ ਮਿਲੀ ਸੀ ਜਦਕਿ 2019 ਵਿੱਚ ਪਾਰਟੀ ਇੱਥੇ ਹਾਰ ਗਈ ਸੀ। ਜਗਮੀਤ ਸਿੰਘ ਨੇ ਆਖਿਆ ਕਿ ਉਹ ਕਿਊਬਿਕ ਵਾਸੀਆਂ ਨੂੰ ਇਹ ਵਿਖਾਉਣਾ ਚਾਹੁੰਦੇ ਹਨ ਕਿ ਮਹਾਂਮਾਰੀ ਦੌਰਾਨ ਉਨ੍ਹਾਂ ਨੇ ਉਨ੍ਹਾਂ ਵਾਸਤੇ ਕਿੰਨੀ ਮਿਹਨਤ ਕੀਤੀ।

ਇੱਕ ਦਹਾਕੇ ਪਹਿਲਾਂ ਤਤਕਾਲੀ ਐਨਡੀਪੀ ਆਗੂ ਜੈਕ ਲੇਯਟਨ ਦੀ ਹਰਮਨਪਿਆਰਤਾ ਕਾਰਨ ਪਾਰਟੀ ਨੂੰ ਕਾਫੀ ਮੁਕਬੂਲੀਅਤ ਮਿਲੀ ਸੀ। 2015 ਵਿੱਚ ਪਾਰਟੀ ਇੱਥੇ ਕਈ ਸੀਟਾਂ ਗੁਆ ਬੈਠੀ। ਰਹਿੰਦੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਬਿੱਲ 21 ਕਾਰਨ ਪਿਛਲੀਆਂ ਚੋਣਾਂ ਵਿੱਚ ਬਹਿਸ ਦੌਰਾਨ ਪਾਰਟੀ ਨੂੰ ਨੁਕਸਾਨ ਪਹੁੰਚਿਆ। ਇਸ ਕਾਨੂੰਨ ਤਹਿਤ ਪਬਲਿਕ ਸੈਕਟਰ ਨਾਲ ਕੰਮ ਕਰਨ ਵਾਲੇ ਵਰਕਰਜ਼ ਨੂੰ ਹਿਜਾਬ ਪਾਉਣ ਤੇ ਪੱਗ ਆਦਿ ਬੰਨ੍ਹਣ ਤੋਂ ਮਨਾਹੀ ਹੈ।2019 ਦੀ ਕੈਂਪੇਨ ਦੌਰਾਨ ਮਾਂਟਰੀਅਲ ਦੇ ਇੱਕ ਵਿਅਕਤੀ ਵੱਲੋਂ ਜਗਮੀਤ ਸਿੰਘ ਨੂੰ ਆਪਣੇ ਕੇਸ ਕਟਾਕੇ ਆਪਣੀ ਪੱਗ ਹਟਾਉਣ ਲਈ ਵੀ ਆਖਿਆ ਗਿਆ।



ਐਤਵਾਰ ਨੂੰ ਮਾਂਟਰੀਅਲ ਦੇ ਪਾਰਕ ਵਿੱਚ ਜਗਮੀਤ ਸਿੰਘ ਆਪਣੀ ਪਤਨੀ ਤੇ ਕਿਊਬਿਕ ਤੋਂ ਐਨਡੀਪੀ ਐਮਪੀ ਅਲੈਗਜ਼ੈਂਡਰ ਬੋਲਰਿਸ ਨਾਲ ਨਜ਼ਰ ਆਏ। ਜਗਮੀਤ ਸਿੰਘ ਨੇ ਕੈਨੇਡੀਅਨਜ਼ ਲਈ ਮਹਾਂਮਾਰੀ ਦੌਰਾਨ ਰਾਹਤ ਵਿੱਚ ਸੁਧਾਰ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਟਰੂਡੋ ਉੱਤੇ ਵਰ੍ਹਦਿਆਂ ਆਖਿਆ ਕਿ ਟਰੂਡੋ ਨੂੰ ਅਜਿਹਾ ਨਹੀਂ ਸੀ ਕਰਨਾ ਚਾਹੀਦਾ। ਉਨ੍ਹਾਂ ਆਖਿਆ ਕਿ ਜਦੋਂ ਹਾਲਾਤ ਨਾਸਾਜ਼ ਹਨ, ਅਸੀਂ ਮਹਾਂਮਾਰੀ ਵਿੱਚੋਂ ਲੰਘ ਰਹੇ ਹਾਂ, ਲੋਕ ਮੁਸ਼ਕਲ ਵਿੱਚ ਫਸੇ ਹੋਏ ਹਨ, ਵਰਕਰਜ਼ ਨੂੰ ਕੰਮ ਨਹੀਂ ਮਿਲ ਰਿਹਾ ਤੇ ਜਿਨ੍ਹਾਂ ਕੋਲ ਕੰਮ ਹੈ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਆਉਣ ਵਾਲੇ ਸਮੇਂ ਵਿੱਚ ਕੀ ਹੋਵੇਗਾ, ਅਜਿਹੇ ਵਿੱਚ ਅਸੀਂ ਉਨ੍ਹਾਂ ਲਈ ਹਰਦਮ ਹਾਜ਼ਰ ਹਾਂ। ਅਸੀਂ ਉਨ੍ਹਾਂ ਲਈ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਲੜਾਂਗੇ।

ਜ਼ਿਕਰਯੋਗ ਹੈ ਕਿ ਵੇਜ ਸਬਸਿਡੀ ਵਧਾਉਣ ਤੇ ਫੈਡਰਲ ਵਰਕਰਜ਼ ਲਈ ਪੇਡ ਸਿੱਕ ਲੀਵ ਲਿਆਉਣ ਲਈ ਘੱਟ ਗਿਣਤੀ ਲਿਬਰਲ ਸਰਕਾਰ ਨਾਲ ਐਨਡੀਪੀ ਲੜੀ ਸੀ।ਉਨ੍ਹਾਂ ਆਖਿਆ ਕਿ ਐਨਡੀਪੀ ਦੇ ਓਟਵਾ ਵਿੱਚ ਹੋਣ ਨਾਲ ਹਰ ਕੈਨੇਡੀਅਨ ਨੂੰ ਫਾਇਦਾ ਹੋਇਆ ਹੈ। ਜਗਮੀਤ ਸਿੰਘ ਨੇ ਆਖਿਆ ਕਿ ਜੇ ਅਸੀਂ ਚੁਣੇ ਜਾਂਦੇ ਹਾਂ ਤਾਂ ਹੋਰ ਕੀ ਕੁੱਝ ਕਰ ਸਕਾਂਗੇ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ਼ਨਿੱਚਰਵਾਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਕਿਊਬਿਕ ਵਾਸੀਆਂ ਨੇ ਵੈਕਸੀਨ ਪਾਸਪੋਰਟ ਜਾਰੀ ਕਰਨ ਬਾਰੇ ਕਿਊਬਿਕ ਦੇ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਤੇ ਜਸਟਿਨ ਟਰੂਡੋ ਖਿਲਾਫ ਬੇਭਰੋਸਗੀ ਵਿਖਾਉਂਦਿਆਂ ਮਾਂਟਰੀਅਲ ਦੀਆਂ ਸੜਕਾਂ ਉੱਤੇ ਮੁਜ਼ਾਹਰਾ ਕੀਤਾ।

ਜਗਮੀਤ ਸਿੰਘ ਨੇ ਆਖਿਆ ਕਿ ਉਹ ਚੋਣਾਂ ਜਿੱਤਦੇ ਹਨ ਤਾਂ ਪਾਰਦਰਸ਼ਤਾ ਲਿਆਉਣਗੇ, ਸਪਸ਼ਟ ਸਬੂਤ ਸਬੰਧੀ ਨਿਯਮ ਬਣਾਉਣਗੇ ਤੇ ਇਹ ਸਾਫ ਦੱਸਣਗੇ ਕਿ ਲੋਕਾਂ ਨੂੰ ਪਬਲਿਕ ਹੈਲਥ ਮਾਪਦੰਡ ਕਿਉਂ ਮੰਨਣੇ ਚਾਹੀਦੇ ਹਨ।ਕਿਊਬਿਕ ਤੋਂ ਐਨਡੀਪੀ ਉਮੀਦਵਾਰ ਨੀਮਾ ਮਸੂਫ ਨਾਲ ਵੀ ਜਗਮੀਤ ਸਿੰਘ ਨੇ ਜਾਣ-ਪਛਾਣ ਕਰਵਾਈ।

# ਚੈਸਟਰ ਲੀ ਸ਼ੂਟਿੰਗ ਵਿੱਚ ਦੋ ਗੰਭੀਰ ਜ਼ਖ਼ਮੀ



ਟੋਰਾਂਟੋ,16 ਅਗਸਤ (ਪੋਸਟ ਬਿਊਰੋ) : ਰਾਤੀਂ ਟੋਰਾਂਟੋ ਦੇ ਚੈਸਟਰ ਲੀ ਇਲਾਕੇ ਵਿੱਚ ਇੱਕ ਗੱਡੀ ਉੱਤੇ ਚਲਾਈਆਂ ਗਈਆਂ ਗੋਲੀਆਂ ਤੋਂ ਬਾਅਦ ਇੱਕ ਮਹਿਲਾ ਤੇ ਪੁਰਸ਼ ਜ਼ਖ਼ਮੀ ਹੋ ਗਏ। ਇਹ ਦੋਵੇਂ ਉਸੇ ਗੱਡੀ ਵਿੱਚ ਹੀ ਬੈਠੇ ਸਨ ਜਿਸ ਉੱਤੇ ਗੋਲੀਆਂ ਚਲਾਈਆਂ ਗਈਆਂ।

ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਘਟਨਾ ਰਾਤੀਂ 12:22 ਵਜੇ ਵਾਪਰੀ। ਉਨ੍ਹਾਂ ਨੂੰ ਚੈਸਟਰ ਲੀ ਜੂਨੀਅਰ ਪਬਲਿਕ ਸਕੂਲ ਦੇ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ ਜਿੱਥੇ ਉਨ੍ਹਾਂ ਨੂੰ ਗੋਲੀਆਂ ਚੱਲਣ ਦੀ ਖਬਰ ਮਿਲੀ ਸੀ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਪੁਰਸ਼ ਤੇ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲੇ, ਉਨ੍ਹਾਂ ਨੂੰ ਕਈ ਗੋਲੀਆਂ ਲੱਗੀਆਂ ਸਨ।

ਦੋਵਾਂ ਨੂੰ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ।ਜਾਂਚਕਾਰਾਂ ਵੱਲੋਂ ਜਦੋਂ ਐਕਿਊਰਾ ਸੇਡਾਨ ਗੱਡੀ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚ ਨੌਂ ਗੋਲੀਆਂ ਦੇ ਨਿਸ਼ਾਨ ਮਿਲੇ। ਪੁਲਿਸ ਨੂੰ ਇਸ ਹਾਦਸੇ ਦੀ ਕੋਈ ਸਰਵੇਲੈਂਸ ਫੁਟੇਜ ਨਹੀਂ ਮਿਲੀ ਹੈ ਤੇ ਨਾ ਹੀ ਉਨ੍ਹਾਂ ਵੱਲੋਂ ਕਿਸੇ ਮਸ਼ਕੂਕ ਦੀ ਹੀ ਕੋਈ ਜਾਣਕਾਰੀ ਜਾਰੀ ਕੀਤੀ ਗਈ ਹੈ।ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਵੱਲੋਂ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ।

# ਸਬਵੇਅ ਸਟੇਸ਼ਨ ਉੱਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਓਨਟਾਰੀਓ, 16 ਅਗਸਤ (ਪੋਸਟ ਬਿਊਰੋ) : ਵਿਕਟੋਰੀਆ ਪਾਰਕ ਸਬਵੇਅ ਸਟੇਸ਼ਨ ਉੱਤੇ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਸ ਬੇਅ ਵਿੱਚ ਹੋਈ ਲੜਾਈ ਦੌਰਾਨ ਇੱਕ ਵਿਅਕਤੀ ਵੱਲੋਂ ਦੂਜੇ ਵਿਅਕਤੀ ਉੱਤੇ ਚਾਕੂ ਨਾਲ ਵਾਰ ਕੀਤਾ ਗਿਆ। ਇਸ ਬਾਰੇ ਜਾਣਕਾਰੀ ਮਿਲਦੇ ਸਾਰ ਪੁਲਿਸ ਮੌਕੇ ਉੱਤੇ ਪਹੁੰਚੀ। ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਪਰ ਪੁਲਿਸ ਵੱਲੋਂ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।













# ਅਫ਼ਗਾਨਿਸਤਾਨ ਉੱਤੇ ਫਿਰ ਤਾਲਿਬਾਨ ਕਾਬਜ਼, ਅਸ਼ਰਫ ਗਨੀ ਤੇ ਹੋਰ ਵੱਡੇ ਲੀਡਰ ਦੇਸ਼ ਛੱਡ ਕੇ ਭੱਜੇ

...ਪੰਨਾ 1 ਦਾ ਬਾਕੀ

ਇਸ ਮੌਕੇ ਸਰਕਾਰ ਅਤੇ ਤਾਲਿਬਾਨ ਆਗੂਆਂ ਦੀ ਗੱਲਬਾਤ ਦੇ ਦੌਰਾਨ ਰਾਸ਼ਟਰਪਤੀ ਅਸ਼ਰਫ ਗਨੀ ਦੇਸ਼ ਛੱਡ ਕੇ ਨਿਕਲ ਗਏ।ਉਨ੍ਹਾਂ ਦੇ ਤਾਜਿਕਸਤਾਨ ਪੁੱਜਣ ਦੀ ਖਬਰ ਸੀ, ਪਰ ਪਤਾ ਲੱਗਾ ਹੈ ਕਿ ਜਦੋਂ ਤਾਜਿਕਸਤਾਨ ਨੇ ਨਹੀਂ ਟਿਕਣ ਦਿੱਤਾ ਤਾਂ ਕਿਸੇ ਹੋਰ ਥਾਂਚਲੇ ਗਏ। ਅਧਿਕਾਰਤ ਤੌਰ ਉੱਤੇਇਸ ਦੀ ਪੁਸ਼ਟੀ ਨਹੀਂ ਹੋਈ। ਅਸ਼ਰਫ ਗਨੀ ਨਾਲ ਉਨ੍ਹਾਂ ਦੀ ਸਰਕਾਰ ਦੇ ਉਪ-ਰਾਸ਼ਟਰਪਤੀ ਅਬਦੁੱਲਾ ਸਾਲੇਹ ਅਤੇ ਕਈਹੋਰ ਵੱਡੇ ਆਗੂਆਂ ਦੇ ਭੱਜ ਜਾਣ ਦੀ ਖ਼ਬਰ ਹੈ। ਇਸ ਮੌਕੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਦਫ਼ਤਰਨੇ ਇਹ ਨਹੀਂ ਦੱਸਿਆ ਹੈ ਕਿ ਅਸ਼ਰਫ ਗਨੀ ਤੇ ਦੂਸਰੇ ਲੋਕ ਕਿੱਥੇ ਗਏ ਹਨ। ਅਫ਼ਗਾਨਿਸਤਾਨ ਦੀ ਕੌਮੀਸਲਾਹਕਾਰ ਕੌਂਸਲ ਦੇ ਮੁਖੀ ਅਬਦੁੱਲਾ ਅਬਦੁੱਲਾ ਨੇ ਆਨਲਾਈਨ ਵੀਡੀਓ ਸੰਦੇਸ਼ ਵਿਚ ਕਿਹਾ ਕਿ ਅਸ਼ਰਫ ਗਨੀ ਨੇ ਮੁਸ਼ਕਲ ਸਮੇਂਅਫ਼ਗਾਨਿਸਤਾਨ ਛੱਡਿਆ ਹੈਤੇਖ਼ੁਦਾ ਉਨ੍ਹਾਂ ਨੂੰ ਦੋਸ਼ੀ ਮੰਨੇਗਾ। ਅਫ਼ਗਾਨਿਸਤਾਨ ਉੱਤੇ ਕਰੀਬ ਦੋ ਦਹਾਕੇ ਪਿੱਛੋਂ ਤਾਲਿਬਾਨ ਨੇ ਮੁੜ ਕਬਜ਼ਾ ਕੀਤਾ ਹੈ। ਸਤੰਬਰ 2001 ਵਿੱਚ ਵਰਲਡ ਟਰੇਡ ਸੈਂਟਰ ਅਤੇ ਹੋਰ ਥਾਵਾਂ ਉੱਤੇ ਅਲਕਾਇਦਾ ਦੇ ਹਮਲੇ ਮਗਰੋਂ ਅਫ਼ਗਾਨਿਸਤਾਨ ਉੱਤੇ ਅਮਰੀਕਾ ਨੇ ਹਮਲਾ ਕੀਤਾ ਤਾਂ ਤਾਲਿਬਾਨ ਨੂੰ ਸੱਤਾ ਛੱਡ ਕੇ ਭੱਜਣਾ ਪਿਆ ਸੀ। 20 ਸਾਲ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਤੋਂ ਆਪਣੀ ਫ਼ੌਜ ਵਾਪਸ ਬੁਲਾਈ ਤਾਂ ਤਾਲਿਬਾਨ ਨੇ ਫਿਰ ਕਬਜ਼ਾ ਕਰ ਲਿਆ ਹੈ।

ਇਸ ਦੌਰਾਨ ਸੋਮਵਾਰ ਕਾਬੁਲ ਇੰਟਰਨੈਸ਼ਨਲ ਏਅਰਪੋਰਟ ਤੋਂ ਇਕ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿਚ ਅਮਰੀਕੀ ਏਅਰਫੋਰਸ ਦੇ ਇੱਕ ਜਹਾਜ਼ ਦੇ ਪਹੀਏ ਨਾਲ ਲਟਕ ਕੇ ਦੇਸ਼ ਤੋਂ ਨਿਕਲਣ ਦਾਯਤਨਕਰਦੇ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ।ਉਡਾਣ ਭਰਦੇ ਜਹਾਜ਼ ਦੇ ਪਿੱਛੋਂ ਲੋਕਾਂ ਦੀ ਭੀੜ ਦੌੜ ਰਹੀ ਹੈ। ਇਸ ਤੋਂ ਬਾਅਦ ਕੁਝ ਲੋਕ ਜਹਾਜ਼ ਨਾਲ ਚੰਬੜ ਗਏ ਤੇ ਜਦੋਂ ਜਹਾਜ਼ ਉੱਡਿਆ ਤਾਂ ਇਸ ਦੇ ਪਹੀਏ ਨਾਲ ਲਟਕੇ ਤਿੰਨ ਨੌਜਵਾਨਾਂ ਦੀ ਅਸਮਾਨਾਂ ਵਿੱਚੋਂ ਡਿੱਗ ਪੈਣ ਦੇ ਕਾਰਨ ਮੌਤ ਹੋ ਗਈ। ਇਸ ਦੇ ਬਾਵਜੂਦ ਲੋਕਾਂ ਦੀ ਭੀੜ ਰੁਕ ਨਹੀਂ ਰਹੀ।

ਦੂਸਰੇ ਪਾਸੇ ਵਾਸ਼ਿੰਗਟਨ ਵਿੱਚਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਅਫਗਾਨਿਸਤਾਨਉੱਤੇ ਤਾਲਿਬਾਨ ਦੇ ਕਬਜ਼ੇ ਬਾਰੇ ਕਿਹਾ, 'ਅਫਗਾਨਿਸਤਾਨਦੇ ਹਾਲਾਤ ਬਦਲ ਗਏ। ਅਸੀਂ ਕਦੇ ਹਿੰਮਤ ਨਹੀਂ ਹਾਰੀ। ਤਾਲਿਬਾਨ ਦੇ ਇਸ ਕਬਜ਼ੇ ਨਾਲ ਹੋਰਨਾਂ ਦੇਸ਼ਾਂ ਉੱਤੇ ਵੀ ਅਸਰ ਪਿਆ ਹੈ।' ਬਾਇਡੇਨ ਨੇ ਕਿਹਾ ਕਿ ਬਤੌਰ ਰਾਸ਼ਟਰਪਤੀ ਮੈਨੂੰ ਸਖਤ ਫੈਸਲੇ ਲੈਣੇ ਪਏ ਹਨ। ਉਨ੍ਹਾਂ ਕਿਹਾ: ਅਫਗਾਨਿਸਤਾਨਦੇ ਹਾਲਾਤ ਬੜੇ ਗੰਭੀਰ ਹਨ, ਰਾਸ਼ਟਰਪਤੀ ਅਸ਼ਰਫ ਗਨੀ ਬਿਨਾਂ ਲੜੇ ਭੱਜ ਗਏ ਹਨ। ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਆਖਿਰ ਉਨ੍ਹਾਂ ਨੇ ਤਾਲਿਬਾਨ ਦੇ ਖਿਲਾਫ ਲੜਾਈ ਕਿਉਂਨਹੀਂ ਲੜੀ, ਇਹ ਇਕ ਵੱਡੀ ਸਮੱਸਿਆ ਦੀ ਸ਼ੁਰੂਆਤ ਹੋਈ ਹੈ।

ਰਾਸ਼ਟਰਪਤੀ ਬਾਈਡੇਨ ਨੇ ਕਿਹਾ ਕਿ 'ਤੁਸੀਂ ਜਾਣਦੇ ਹੋ ਕਿ 'ਅਸੀਂ ਕਿੱਦਾਂ ਦੇ ਹਾਲਾਤ ਵਿੱਚ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਨੂੰ ਪਿੱਛੇ ਸੱਦਿਆ ਹੈ। ਲੋਕ ਕਹਿ ਰਹੇ ਹਨ ਕਿ ਅਸੀਂ ਹਾਰ ਗਏ ਹਾਂ, ਅਸੀਂ ਹਮੇਸ਼ਾ ਸਹੀ ਫੈਸਲੇ ਲੈਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਓਥੇ ਕਾਫ਼ੀ ਪੈਸਾ ਖ਼ਰਚ ਕੀਤਾ ਹੈ। ਸਾਨੂੰ ਲੱਗਦਾ ਸੀ ਕਿ ਏਥੇ ਦੀ ਸਰਕਾਰ ਆਪਣੀ ਫੌਜ ਨਾਲ ਹਾਲਾਤ ਨੂੰ ਕਾਬੂਵਿੱਚ ਰੱਖੇਗੀ। ਅਫਗਾਨਿਸਤਾਨ ਦੇ ਭਵਿੱਖ ਲਈ ਸਾਨੂੰ ਇਹ ਕਰਨਾ ਪੈਣਾ ਸੀ, ਪਰ ਉੱਥੇ ਹਾਲਾਤ ਏਨੀ ਤੇਜ਼ੀ ਨਾਲ ਬਦਲੇ ਕਿ ਕਿਸੇ ਨੂੰ ਕੋਈ ਮੌਕਾ ਨਹੀਂ ਮਿਲਿਆ।'

ਇਸ ਦੌਰਾਨ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਨੇ ਕਿਹਾ ਕਿ ਸਾਡੇ ਵਿੱਚ ਅੱਤਵਾਦ ਨਾਲ ਲੜਨ ਦੀ ਤਾਕਤ ਹੈ। ਉਨ੍ਹਾਂ ਟਵੀਟ ਕਰ ਕੇ ਕਿਹਾ ਕਿ ਅੱਤਵਾਦ ਦੇ ਨਾਲ ਲੜਨਦੇ ਅਸੀਂ ਪੂਰੀ ਤਰ੍ਹਾਂ ਸਮਰੱਥ ਹਾਂ ਅਤੇ ਅੱਤਵਾਦ ਦੇ ਖਿਲਾਫ ਲੜਾਈ ਜਾਰੀ ਰਹੇਗੀ।

ਦੇਸ਼ ਤੋਂ ਭਗੌੜੇ ਹੋ ਗਏ ਰਾਸ਼ਟਰਪਤੀ ਅਸ਼ਰਫ ਗਨੀ ਦਾ ਇੱਕ ਬਿਆਨ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਮੈਂ ਲੋਕਾਂ ਦੇ ਭਲੇ ਲਈ ਦੇਸ਼ ਛੱਡਿਆ ਹੈ, ਜੇ ਮੈਂ ਓਥੇ ਰਹਿੰਦਾ ਅਤੇ ਫੌਜ ਨੂੰ ਤਾਲਿਬਾਨ ਨਾਲ ਲੜਨ ਦੇ ਹੁਕਮ ਦੇਂਦਾ ਤਾਂ ਦੁਵੱਲੀ ਲੜਾਈ ਵਿੱਚ ਕਾਬਲ ਦੇ ਬਹੁਤ ਸਾਰੇ ਲੋਕ ਮਾਰੇ ਜਾ ਸਕਦੇ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer** | Aman Warraich |
| **Marketing:** | **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਇਸ ਤਰ੍ਹਾਂ ਰਿਹਾ ਅਫ਼ਗਾਨਿਸਤਾਨ ਵਿੱਚ 5 ਮਹੀਨਿਆਂ ਵਿੱਚ ਤਾਲਿਬਾਨ ਦੀ ਚੜ੍ਹਤ ਦਾ ਦੌਰ

ਕਾਬੁਲ, 16 ਅਗਸਤ, (ਪੋਸਟ ਬਿਊਰੋ)- ਤਾਲਿਬਾਨ ਨੇ ਕੱਲ੍ਹ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਉੱਤੇ ਕਬਜ਼ਾ ਕਰ ਕੇ ਆਪਣੀ ਸੱਤਾ ਦਾ ਰਾਹ ਸਾਫ਼ ਕਰ ਲਿਆ ਹੈ। ਦੋ ਦਹਾਕਿਆਂ ਬਾਅਦ ਤਾਲਿਬਾਨ ਨੇ ਸੱਤਾ ਸੰਭਾਲਣ ਦੀ ਇਹ ਮੁਹਿੰਮ ਕਾਫੀ ਸਮਾਂ ਪਹਿਲਾਂ ਤੋਂ ਸ਼ੁਰੂ ਕਰ ਦਿੱਤੀ ਸੀ, ਪਰ ਉਸ ਨੂੰ ਸਫ਼ਲਤਾ ਆਖਰੀ ਚਾਰ ਮਹੀਨਿਆਂ ਦੇ ਬਾਅਦ ਮਿਲ ਸਕੀ ਹੈ।ਇਸ ਸਾਲ ਅਪ੍ਰੈਲ ਤੋਂ ਅਗਸਤ ਦੌਰਾਨ ਤਾਲਿਬਾਨ ਨੇ ਜਿਸ ਤੇਜ਼ੀ ਨਾਲ ਅਫਗਾਨਿਸਤਾਨ ਦੇ ਇਲਾਕਿਆਂ ਨੂੰ ਇਕ ਪਿੱਛੋਂ ਇਕ ਕਰਕੇ ਆਪਣੇ ਕਬਜ਼ੇ ਵਿਚ ਲਿਆ, ਉਹ ਸਚਮੁੱਚ ਹੈਰਾਨ ਕਰਨ ਵਾਲਾ ਸੀ।



ਅਮਰੀਕੀ ਫੌਜ ਦੇ ਨਿਕਲ ਜਾਣ ਪਿੱਛੋਂ ਸਿਰਫ ਇੱਕ ਹਫਤੇ ਅੰਦਰ ਜਦੋਂ ਤਾਲਿਬਾਨ ਨੇ ਅਫਗਾਨਿਸਤਾਨ ਤੇ ਖਾਸ ਕਰ ਕੇ ਇਸ ਦੀ ਰਾਜਧਾਨੀ ਕਾਬੁਲਉੱਤੇ ਕਬਜ਼ਾ ਕੀਤਾ ਤਾਂ ਓਥੇ ਹਫੜਾ-ਦਫੜੀ ਦਾ ਮਾਹੌਲ ਹੈ। ਵਿਗੜਦੀ ਸਥਿਤੀ ਨੂੰ ਕਾਬੂ ਕਰਨ ਲਈ ਭੀੜ ਉੱਤੇ ਗੋਲੀਆਂ ਵੀ ਚਲਾਈਆਂ ਗਈਆਂ, ਜਿਸ ਵਿੱਚ ਕੁਝ ਲੋਕਾਂ ਦੇ ਮਰਨ ਦੀ ਖ਼ਬਰ ਹੈ।ਇਸ ਤੋਂ ਪਹਿਲਾਂ ਅਫਗਾਨਿਸਤਾਨ ਦੀ ਸਥਿਤੀ ਵਿੱਚ ਇੱਕ ਖਾਸ ਮੋੜ ਓਦੋਂ ਆਇਆ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਲਿਬਾਨ ਨਾਲ ਗੱਲਬਾਤ ਚਲਾਈ ਤੇ ਉਨ੍ਹਾਂ ਨੂੰ ਇਹ ਦੇਸ਼ ਸੌਂਪਣ ਦੀ ਹਰੀ ਝੰਡੀ ਦਿੱਤੀਤੇ ਇੱਕ ਬਾਕਾਇਦਾ ਸਮਝੌਤਾ ਕੀਤਾ ਸੀ। ਮੌਜੂਦਾ ਰਾਸ਼ਟਰਪਤੀ ਜੋਅ ਬਾਇਡੇਨ ਨੇ ਇਹ ਸਮਝੌਤਾ ਅੱਗੇ ਲਿਜਾਣ ਦਾ ਕੰਮ ਕੀਤਾ ਤੇ ਆਪਣੀ ਸਰਕਾਰ ਵੱਲੋਂ ਐਲਾਨ ਕੀਤਾ ਕਿ ਸਤੰਬਰ 2021 ਤਕ ਅਮਰੀਕਾ ਅਤੇ ਨਾਟੋ ਫੌਜਾਂ ਏਥੋਂ ਹਟ ਜਾਣਗੀਆਂ। ਇਸ ਪਿੱਛੋਂ ਇਸ ਸਾਲ ਮਈ ਵਿੱਚ ਤਾਲਿਬਾਨ ਨੇ ਹਮਲੇ ਤੇਜ਼ ਕਰ ਦਿੱਤੇ ਤੇ ਅਫਗਾਨ ਸਰਕਾਰ ਤੋਂ ਇੱਕ ਤੋਂ ਬਾਅਦ ਇੱਕ ਰਾਜ ਦਾ ਕਬਜ਼ਾ ਖੋਹਣ ਲੱਗ ਪਿਆ ਸੀ।ਹਾਲਾਤ ਦਾ ਵਹਿਣ ਇਸ ਤਰ੍ਹਾਂ ਚੱਲਿਆ ਸੀ:

14 ਅਪ੍ਰੈਲ 2021 ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੀ ਸਭ ਤੋਂ ਲੰਬੀ ਜੰਗ ਖ਼ਤਮ ਕਰਨ 11 ਸਤੰਬਰ ਤੋਂ ਪਹਿਲਾਂ ਫੌਜ ਵਾਪਸ ਬੁਲਾਉਣ ਦਾ ਐਲਾਨ ਕੀਤਾ ਅਤੇ 1 ਮਈ ਤੋਂ ਵਾਪਸੀ ਸ਼ੁਰੂ ਹੋਈਸੀ।

4 ਮਈ ਨੂੰ ਦੱਖਣੀ ਹੇਲਮੰਡ ਸਮੇਤ ਛੇ ਰਾਜਾਂ ਵਿੱਚ ਤਾਲਿਬਾਨ ਨੇ ਅਫਗਾਨ ਫੌਜਾਂ ਉੱਤੇ ਹਮਲਾ ਕਰ ਦਿੱਤਾ।

11 ਮਈ ਨੂੰ ਤਾਲਿਬਾਨ ਨੇ ਕਾਬੁਲ ਦੇ ਬਾਹਰਵਾਰ ਨੇਰਖ ਜ਼ਿਲੇ ਉੱਤੇ ਕਬਜ਼ਾ ਕਰ ਲਿਆ।

7 ਜੂਨ ਨੂੰ ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਲੜਾਈ ਤੇਜ਼ ਹੋਈ ਮੰਨ ਕੇ 150 ਅਫਗਾਨ ਸੈਨਿਕ ਮਾਰੇ ਜਾਣ ਦੀ ਗੱਲ ਮੰਨੀ ਅਤੇ ਕਿਹਾ ਕਿ ਦੇਸ਼ ਦੇ 33 ਵਿੱਚੋਂ 26 ਰਾਜਾਂ ਵਿੱਚ ਲੜਾਈ ਭਿਆਨਕ ਹੋ ਰਹੀ ਹੈ।

2 ਜੁਲਾਈ ਨੂੰ ਅਮਰੀਕੀ ਫੌਜ ਨੇ ਬਗਰਾਮ ਏਅਰ ਬੇਸ ਤੋਂ ਆਪਣਾ ਮੁੱਖ ਫੌਜੀ ਅੱਡਾ ਖਾਲੀ ਕੀਤਾ ਅਤੇ ਕਾਬੁਲ ਨੇੜਲੇ ਇਸ ਫੌਜੀ ਅੱਡੇ ਨੂੰ ਖਾਲੀ ਕਰਨ ਦੇ ਨਾਲ ਸਿੱਧੀ ਜੰਗ ਵਿੱਚੋਂ ਹੱਥ ਖਿੱਚ ਲਿਆ।

5 ਜੁਲਾਈ ਨੂੰਤਾਲਿਬਾਨ ਨੇ ਅਫਗਾਨ ਸਰਕਾਰ ਨੂੰ ਅਗਸਤ ਤੱਕ ਸਮਝੌਤੇ ਦੀ ਲਿਖਤ ਦੇਣ ਲਈ ਕਿਹਾ।


6 ਅਗਸਤ ਨੂੰ ਦੇਸ਼ ਦੇ ਦੱਖਣ ਵਿੱ-ਚਜ਼ਾਰੰਜ ਪਹਿਲੀ ਸੂਬਾਈ ਰਾਜਧਾਨੀ ਉੱਤੇ ਕਈ ਸਾਲਾਂਦੇ ਬਾਅਦ ਤਾਲਿਬਾਨ ਨੇ ਕਬਜ਼ਾ ਕੀਤਾ ਅਤੇ ਫਿਰ ਉੱਤਰ ਵਿੱਚ ਕੁੰਦੁਜ਼ ਅਤੇ ਹੋਰ ਸੂਬਾਈ ਰਾਜਧਾਨੀਆਂ ਉੱਤੇ ਹਮਲੇ ਕੀਤੇ।

13 ਅਗਸਤ ਨੂੰ ਤਾਲਿਬਾਨ ਨੇ ਕੰਧਾਰ ਸਮੇਤ ਚਾਰ ਰਾਜਾਂਦੀਆਂ ਰਾਜਧਾਨੀਆਂ ਉੱਤੇ ਕਬਜ਼ਾ ਕੀਤਾ ਅਤੇ ਹੇਰਾਤ ਉੱਤੇ ਕਬਜ਼ ਦੌਰਾਨ ਆਪਣੇ ਵਿਰੁੱਧਲੜਦੇ ਮੇਜਰ ਕਮਾਂਡਰ ਮੁਹੰਮਦ ਇਸਮਾਈਲ ਖਾਨਨੂੰ ਕੈਦੀ ਬਣਾ ਲਿਆ।

14 ਅਗਸਤ ਨੂੰ ਮਾਮੂਲੀ ਝੜਪ ਨਾਲ ਤਾਲਿਬਾਨ ਨੇ ਉੱਤਰ ਦੇ ਮੁੱਖ ਸ਼ਹਿਰ ਮਜ਼ਾਰ-ਏ-ਸ਼ਰੀਫ ਅਤੇ ਕਾਬੁਲ ਤੋਂ ਸਿਰਫ 70 ਕਿਲੋਮੀਟਰ ਦੂਰ ਪੁਲ-ਏ-ਆਲਮ ਉੱਤੇ ਕਬਜ਼ਾ ਕਰ ਲਿਆ।

15 ਅਗਸਤ ਨੂੰ ਕਿਸੇ ਲੜਾਈ ਦੇ ਬਿਨਾਂ ਹੀ ਤਾਲਿਬਾਨ ਨੇ ਰਾਜਧਾਨੀ ਕਾਬੁਲ ਵਿੱਚ ਦਾਖਲ ਹੋ ਕੇ ਇਸ ਦੇਸ਼ ਦੀ ਹਕੂਮਤ ਸੰਭਾਲ ਲਈ, ਪਰ ਅਜੇ ਸਰਕਾਰ ਦੇ ਅਹੁਦੇਦਾਰਾਂ ਦਾ ਐਲਾਨ ਕਰਨਾ ਬਾਕੀ ਹੈ।

# ਕੰਜ਼ਰਵੇਟਿਵਾਂ ਨੇ ਜਾਰੀ ਕੀਤਾ ਕੈਨੇਡਾਜ਼ ਰਿਕਵਰੀ ਪਲੈਨ




...ਪੰਨਾ 1 ਦਾ ਬਾਕੀ

ਅਰਥਚਾਰੇ ਨੂੰ ਸਥਿਰ ਕਰਨ ਦੀ ਕੋਸ਼ਿਸ਼ ਕਰਨਗੇ ਤੇ ਇਹ ਯਕੀਨੀ ਬਣਾਉਣਗੇ ਕਿ ਕੈਨੇਡਾ ਭਵਿੱਖ ਦੇ ਸਿਹਤ ਸੰਕਟ ਲਈ ਤਿਆਰ ਹੋ ਸਕੇ।

ਫੈਡਰਲ ਚੋਣ ਮੁਹਿੰਮ ਦੇ ਦੂਜੇ ਦਿਨ ਪਾਰਟੀ ਨੇ 162 ਪੰਨਿਆਂ ਦਾ ਆਪਣਾ ਕੈਨੇਡਾਜ਼ ਰਿਕਵਰੀ ਪਲੈਨ ਜਾਰੀ ਕੀਤਾ। ਇਹ ਬਸੰਤ ਵਿੱਚ ਕੀਤੇ ਗਏ ਚੋਣਾਂ ਤੋਂ ਪਹਿਲਾਂ ਵਾਲੇ ਵਾਅਦਿਆਂ ਦਾ ਹੀ ਵਿਸਤ੍ਰਿਤ ਰੂਪ ਹੈ। ਇਸ ਸੱਭ ਕਾਸੇ ਉੱਤੇ ਕਿੰਨੀ ਲਾਗਤ ਆਵੇਗੀ ਇਸ ਬਾਰੇ ਪਾਰਲੀਆਮੈਂਟਰੀ ਬਜਟ ਆਫਿਸ ਵੱਲੋਂ ਅਜੇ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ।ਪਰ ਪਾਰਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪਾਸੇ ਕੰਮ ਚੱਲ ਰਿਹਾ ਹੈ।

ਪਾਰਟੀ ਵੱਲੋਂ ਖਰਚਿਆਂ ਸਬੰਧੀ ਜਿਹੜੇ ਵਾਅਦੇ ਕੀਤੇ ਜਾ ਰਹੇ ਹਨ ਉਨ੍ਹਾਂ ਵਿੱਚ ਬਹੁਤੇ ਸ਼ੌਰਟ ਟਰਮ ਨਿਵੇਸ਼ ਹਨ। ਬਾਕੀ ਲੰਮੇਂ ਸਮੇਂ ਵਿੱਚ ਕੀਤੇ ਜਾਣ ਵਾਲੇ ਹੋਰ ਪ੍ਰਸਤਾਵ ਵੀ ਹਨ ਜਿਵੇਂ ਕਿ ਪ੍ਰੋਵਿੰਸਾਂ ਨੂੰ ਕੀਤੀ ਜਾਣ ਵਾਲੀ ਕੈਨੇਡਾ ਦੀ ਹੈਲਥ ਟਰਾਂਸਫਰ ਦੀ ਸਾਲਾਨਾ ਵਿਕਾਸ ਦਰ ਘੱਟੋ ਘੱਟ ਛੇ ਫੀ ਸਦੀ ਤੱਕ ਵਧਾਉਣਾ ਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਸੇਵਾਵਾਂ ਨੂੰ ਹੋਰ ਕਿਫਾਇਤੀ ਬਣਾਉਣ ਲਈ ਨਵਾਂ ਚਾਈਲਡ ਕੇਅਰ ਪਲੈਨ ਲਿਆਉਣਾ।

ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ ਓਟੂਲ ਨੇ ਆਖਿਆ ਕਿ ਇਸ ਮਾੜੇ ਸਮੇਂ ਵਿੱਚ ਚੋਣਾਂ ਕਰਵਾਇਆ ਜਾਣਾ ਭਾਵੇਂ ਠੀਕ ਨਹੀਂ ਹੈ ਪਰ ਇਸ ਨਾਲ ਕੈਨੇਡੀਅਨਜ਼ ਨੂੰ ਭਵਿੱਖ ਲਈ ਚੋਣ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਇੱਕ ਪਾਸੇ ਲਿਬਰਲ, ਐਨਡੀਪੀ, ਬਲਾਕ ਤੇ ਗ੍ਰੀਨਜ਼ ਮਹਾਂਮਾਰੀ ਤੋਂ ਬਾਅਦ ਕੈਨੇਡਾ ਲਈ ਕੋਈ ਪਲੈਨ ਲਿਆਉਣ ਉੱਤੇ ਧਿਆਨ ਕੇਂਦਰਿਤ ਕਰਨ ਵਿੱਚ ਅਸਫਲ ਰਹੇ ਹਨ ਤੇ ਦੂਜੇ ਪਾਸੇ ਕੰਜ਼ਰਵੇਟਿਵ ਰੋਜ਼ਗਾਰ ਦੇ ਮੌਕੇ ਪੈਦਾ ਕਰਨ, ਭੱਤੇ ਵਧਾਉਣ ਤੇ ਕੈਨੇਡਾ ਦੇ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਉੱਤੇ ਲੱਗੇ ਹੋਏ ਹਨ।

# ਨਵਜੋਤ ਸਿੰਘ ਸਿੱਧੂ ਨੇ ਪਰਗਟ ਸਿੰਘ ਨੂੰ ਪੰਜਾਬ ਕਾਂਗਰਸ ਦਾ ਜਨਰਲ ਸੈਕਟਰੀ ਬਣਾਇਆ

ਚੰਡੀਗੜ੍ਹ, 16 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਦੇ ਹੋਏ ਨਵਜੋਤ ਸਿੰਘ ਸਿੱਧੂ ਨੇ ਅੱਜ ਆਪਣੇ ਸਭ ਤੋਂ ਨੇੜਲੇ ਸਾਥੀ ਪਰਗਟ ਸਿੰਘ ਨੂੰ ਵੱਡੀ ਜ਼ਿੰਮੇਵਾਰੀ ਦੇਂਦਿਆਂ ਪੰਜਾਬ ਦੀ ਕਾਂਗਰਸ ਦਾ ਜਨਰਲ ਸੈਕਟਰੀਨਿਯੁਕਤ ਕਰ ਦਿੱਤਾ ਹੈ। ਜਲੰਧਰ ਕੈਂਟ ਹਲਕੇ ਤੋਂ ਵਿਧਾਇਕ ਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕੈਪਟਨ ਪਰਗਟ ਸਿੰਘ ਨੂੰ ਨਵਜੋਤ ਸਿੱਧੂ ਦੇ ਸਭ ਤੋਂ ਵੱਧ ਕਰੀਬੀ ਗਿਣਿਆ ਜਾਂਦਾ ਹੈ।



ਨਵਜੋਤਸਿੰਘ ਸਿੱਧੂ ਨੇ ਪਰਗਟ ਸਿੰਘ ਦੀ ਇਸ ਨਿਯੁਕਤੀ ਦਾ ਐਲਾਨ ਅੱਜ ਟਵਿੱਟਰ ਉੱਤੇ ਬਿਆਨ ਜਾਰੀ ਕਰ ਕੇ ਕੀਤਾ ਹੈ। ਇਹ ਨਿਯੁਕਤੀਪਾਰਟੀ ਹਾਈਕਮਾਂਡ ਵੱਲੋਂ ਨਵਜੋਤ ਸਿੰਘ ਸਿੱਧੂਅਤੇ ਉਸਨਾਲ ਲਾਏ ਚਾਰ ਕਾਰਜਕਾਰੀ ਪ੍ਰਧਾਨਾਂ ਦੀ ਨਿਯੁਕਤੀ ਦੇ ਕੁਝ ਦਿਨ ਬਾਅਦ ਆਈ ਹੈ। ਅੱਜ ਪ੍ਰਧਾਨ ਨਵਜੋਤ ਸਿੰਘਨੂੰ ਜਨਰਲ ਸੈਕਟਰੀ ਨਿਯੁਕਤੀ ਦਾ ਐਲਾਨ ਕਰਦੇ ਵਕਤ ਨਵਜੋਤ ਸਿੰਘ ਸਿੱਧੂ ਨੇ ਬਿਆਨ ਵਿੱਚ ਲਿਖਿਆ ਕਿ 'ਮਾਣਯੋਗ ਕਾਂਗਰਸ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ, ਏਆਈਸੀਸੀ (ਕੁੱਲ ਹਿੰਦ ਕਾਂਗਰਸ ਕਮੇਟੀ) ਦੇ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਦੀ ਪ੍ਰਵਾਨਗੀ ਨਾਲ ਮੈਂ ਪਰਗਟ ਸਿੰਘ ਨੂੰ ਤੁਰੰਤ ਪ੍ਰਭਾਵ ਦੇ ਨਾਲ ਪ੍ਰਦੇਸ਼ ਕਾਂਗਰਸ ਦਾ ਜਨਰਲ ਸੈਕਟਰੀ (ਸੰਗਠਨ) ਨਿਯੁਕਤ ਕਰਦਾ ਹਾਂ।'

ਵਰਨਣ ਯੋਗ ਹੈ ਕਿ ਪਰਗਟ ਸਿੰਘ ਉਨ੍ਹਾਂ ਲੋਕਾਂ ਵਿੱਚੋਂ ਇੱਕ ਹਨ, ਜਿਹੜੇ ਆਪਣੀ ਕਾਂਗਰਸ ਪਾਰਟੀ ਦੀ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਕੰਮ-ਕਾਜ ਉੱਤੇ ਸਵਾਲ ਚੁੱਕਣ ਦੇ ਕਾਰਨ ਚਰਚਾ ਵਿੱਚਰਹੇ ਤੇ ਮੁੱਖ ਮੰਤਰੀ ਨੂੰ ਵੀ ਨਿਸ਼ਾਨਾ ਬਣਾਉਣ ਤੋਂ ਸੰਕੋਚ ਨਹੀਂ ਸਨ ਕਰਦੇ। 5 ਮਾਰਚ 1965 ਨੂੰ ਜਨਮੇ ਪਰਗਟ ਸਿੰਘ ਹਾਕੀ ਖਿਡਾਰੀਹੁੰਦੇ ਸਨ ਅਤੇ ਓਥੋਂ ਵਿਹਲੇ ਹੋਣ ਪਿੱਛੋਂ ਸਿਆਸਤ ਵਿੱਚ ਆਏ ਸਨ। ਉਨ੍ਹਾਂ ਨੇ 1992 ਬਾਰਸੀਲੋਨਾ ਓਲੰਪਿਕਸ ਅਤੇ 1996 ਅਟਲਾਂਟਾ ਓਲੰਪਿਕਸ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਦੀ ਅਗਵਾਈ ਕੀਤੀ ਸੀ।ਬਾਅਦ ਵਿੱਚ ਕੁਝ ਸਮਾਂ ਉਹ ਪੰਜਾਬ ਪੁਲਸ ਵਿੱਚ ਸੁਪਰਡੈਂਟ ਪੁਲਸ (ਐਸਪੀ) ਵਜੋਂ ਵੀ ਕੰਮ ਕਰ ਚੁੱਕੇ ਸਨ।



## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਜਲੰਧਰ ਕੈਂਟ ਤੋਂ ਸਾਬਕਾ ਕਾਂਗਰਸੀ ਵਿਧਾਇਕ ਜਗਬੀਰ ਸਿੰਘ ਬਰਾੜ ਅਕਾਲੀ ਦਲ ਵਿੱਚ ਸ਼ਾਮਿਲ

* ਸੁਖਬੀਰ ਸਿੰਘ ਬਾਦਲ ਨੇ ਖੜ੍ਹੇ ਪੈਰ ਉਮੀਦਵਾਰ ਐਲਾਨਿਆ



ਜਲੰਧਰ, 16 ਅਗਸਤ, (ਪੋਸਟ ਬਿਊਰੋ)- ਇਸ ਨਗਰ ਦੇ ਕੈਂਟ ਹਲਕੇ ਤੋਂ ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਨੇ ਇੱਕ ਵਾਰ ਫਿਰ ਅਕਾਲੀ ਦਲ ਦਾ ਪੱਲਾ ਫੜ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੁੰਦੇ ਸਾਰ ਹੀ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾ ਨੂੰ ਅਗਲੇ ਸਾਲ2022 ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਲਈ ਜਲੰਧਰ ਕੈਂਟ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਦਾ ਉਮੀਦਵਾਰ ਵੀ ਐਲਾਨ ਕਰ ਦਿੱਤਾ ਹੈ। ਅੱਜ ਏਥੇ ਜਗਬੀਰ ਸਿੰਘ ਬਰਾੜ ਦੇ ਘਰ ਪਹੁੰਚੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਅਕਾਲੀ ਦਲ ਵਿੱਚ ਸ਼ਾਮਲ ਕੀਤਾ ਤੇ ਓਥੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਨੂੰ ਕੈਂਟ ਹਲਕੇ ਤੋਂਚੋਣਾਂ ਵਾਸਤੇ ਉਮੀਦਵਾਰ ਵੀ ਐਲਾਨ ਕਰ ਦਿੱਤਾ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਜਗਬੀਰ ਸਿੰਘ ਬਰਾੜ ਨੂੰ ਪਾਰਟੀ ਦਾ ਜਨਰਲ ਸੈਕਟਰੀ ਵੀ ਨਿਯੁਕਤ ਕੀਤਾ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਪੰਜਾਬ ਬਚਾਉਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਨੂੰ ਜਿਤਾਉਣ ਲਈ ਵੋਟਾਂ ਦੇਣ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 13 ਵਾਅਦੇ ਕੀਤੇ ਹਨ ਤੇ ਆਪਣੀ ਸਰਕਾਰ ਬਣਨ ਪਿੱਛੋਂ ਉਹ ਇਹ ਵਾਅਦੇ ਜ਼ਰੂਰ ਪੂਰੇ ਕਰਨਗੇ, ਜਿਵੇਂ ਪਹਿਲਾਂ ਸਾਰੇ ਵਾਅਦੇ ਪੂਰੇ ਕੀਤੇ ਸਨ। ਇਸ ਮੌਕੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਅਕਾਲੀ ਦਲ ਦੀ ਲਗਭਗ ਸਾਰੀ ਪ੍ਰਮੁੱਖ ਲੀਡਰਸ਼ਿਪ ਸੁਖਬੀਰ ਸਿੰਘ ਬਾਦਲ ਦੇ ਨਾਲ ਮੌਜੂਦ ਸੀ।

ਵਰਨਣ ਯੋਗ ਹੈ ਕਿ ਅੱਜ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਏ ਜਗਬੀਰ ਸਿੰਘ ਹਲਕਾ ਨਕੋਦਰ ਦੇਇੰਚਾਰਜ ਅਤੇ ਵਾਟਰ ਰਿਸੋਰਸਿਜ਼ ਪੰਜਾਬ ਦੇਚੇਅਰਮੈਨ ਸਨ।ਉਨ੍ਹਾਂ ਨੂੰ ਉਮੀਦਵਾਰ ਐਲਾਨਣ ਤੋਂ ਪਹਿਲਾਂ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਅਗਲੀਆਂ ਚੋਣਾਂ ਲਈ ਜਲਾਲਾਬਾਦਤੋਂਆਪਣਾ ਨਾਂਅ, ਖੇਮਕਰਨ ਤੋਂ ਵਿਰਸਾ ਸਿੰਘ ਵਲਟੋਹਾ, ਅਟਾਰੀ ਤੋਂ ਗੁਲਜ਼ਾਰ ਸਿੰਘ ਰਣੀਕੇ, ਅਜਨਾਲਾ ਤੋਂ ਅਮਰਪਾਲ ਸਿੰਘ ਬੋਨੀ, ਡੇਰਾ ਬੱਸੀ ਤੋਂ ਐੱਨ ਕੇ ਸ਼ਰਮਾ, ਜ਼ੀਰਾ ਤੋਂ ਜਨਮੇਜਾ ਸਿੰਘ ਸੇਖੋਂ, ਤਲਵੰਡੀ ਸਾਬੋ ਤੋਂ ਜੀਤ ਮਹਿੰਦਰ ਸਿੰਘ ਸਿੱਧੂਦੇ ਨਾਂਅ ਦਾ ਐਲਾਨ ਕਰ ਚੁੱਕੇ ਹਨ।



## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

4165618882, 4164544587

# ਪੰਝੱਤਰਵੇਂ ਸਾਲ ਵਿੱਚ ਪਹੁੰਚੇ ਦੇਸ਼ ਦੀ ਆਜ਼ਾਦੀ ਦੀ ਦੇਵੀ ਇਸ ਵਕਤ ਕੀ ਕਰਦੀ ਪਈ ਹੋਵੇਗੀ!



ਜਤਿੰਦਰ ਪੰਨੂ

ਭਾਰਤ ਦੀ ਆਜ਼ਾਦੀ ਆਪਣੇ ਚੁਹੱਤਰ ਸਾਲ ਪਾਰ ਕਰ ਕੇ ਪੌਣੀ ਸਦੀ ਵਾਲੇ ਸਾਲ ਵਿੱਚ ਦਾਖਲ ਹੁੰਦੇ ਵਕਤ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸਵਾਲ ਉੱਠਦੇ ਤੇ ਜਵਾਬ ਮੰਗਦੇ ਹਨ। ਏਦਾਂ ਦੇ ਸਵਾਲਾਂ ਦੀ ਗੱਲ ਕਰਨ ਤੋਂ ਪਹਿਲਾਂ ਇਹ ਯਾਦ ਕਰਨ ਦੀ ਲੋੜ ਹੈ ਕਿ ਜਦੋਂ ਦੇਸ਼ ਆਜ਼ਾਦ ਹੋਇਆ ਸੀ, ਓਦੋਂ ਕਿੱਦਾਂ ਦੀ ਲੀਡਰਸ਼ਿਪ ਸੀ ਤੇ ਚੁਹੱਤਰ ਸਾਲ ਟੱਪਣ ਵੇਲੇ ਦੇਸ਼ ਦੀ ਵਾਗਡੋਰ ਕਿੱਦਾਂ ਦੇ ਲੋਕਾਂ ਦੇ ਹੱਥਾਂ ਵਿੱਚ ਹੈ! ਓਦੋਂ ਪੰਡਿਤ ਜਵਾਹ ਲਾਲ ਨਹਿਰੂ ਵਰਗੇ ਆਗੂ ਦੀ ਰਾਜਨੀਤੀ ਅਤੇ ਆਮ ਨੀਤੀ ਬਾਰੇ ਜਿਨ੍ਹਾਂ ਲੋਕਾਂ ਦੇ ਲੱਖ ਵਿਰੋਧ ਸਨ, ਉਹ ਵੀ ਉਸ ਦੀ ਅਕਲਮੰਦੀ ਤੇ ਉਸ ਦੀ ਪੜ੍ਹਾਈ ਬਾਰੇ ਕਦੀ ਕਿੰਤੂ ਨਹੀਂ ਸਨ ਕਰਦੇ। ਅੱਜ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਪੜ੍ਹਾਈ ਦੇ ਮਾਮਲੇ ਵਿੱਚ ਹੀ ਲੋਕਾਂ ਦੀ ਤਸੱਲੀ ਕਰਾਉਣ ਜੋਗਾ ਨਹੀਂ। ਆਪਣੀ ਪੜ੍ਹਾਈ ਦੀਆਂ ਜਿਹੜੀਆਂ ਡਿਗਰੀਆਂ ਉਹ ਆਪ ਦੱਸਦਾ ਹੈ ਜਾਂ ਉਸ ਦੀ ਪਾਰਟੀ ਦੱਸਦੀ ਹੈ, ਉਨ੍ਹਾਂ ਬਾਰੇ ਕਈ ਕਿੰਤੂ ਉੱਠਦੇ ਹਨ ਤੇ ਤਸੱਲੀ ਕਰਾਉਣ ਜੋਗਾ ਜਵਾਬ ਕਿਤੋਂ ਨਹੀਂ ਮਿਲਦਾ। ਨਹਿਰੂ ਦੀ ਟੀਮ ਵਿੱਚ ਹੋਰ ਲੋਕ ਵੀ ਏਨੇ ਉੱਚੇ ਕਿਰਦਾਰ ਵਾਲੇ ਸਨ ਕਿ ਉਨ੍ਹਾਂ ਦੇ ਬਰਾਬਰ ਦਾ ਕੋਈ ਨਹੀਂ ਸੀ ਲੱਭਦਾ। ਸਰਦਾਰ ਵੱਲਭ ਭਾਈ ਪਟੇਲ ਤੋਂ ਖਵਾਜ਼ਾ ਅਬੁਲ ਕਲਾਮ ਆਜ਼ਾਦ ਤੱਕ ਸਾਰੇ ਉੱਚੀ ਸੋਚ ਵਾਲੇ ਮੰਤਰੀ ਸਨ, ਡਾਕਟਰ ਰਾਜਿੰਦਰ ਪ੍ਰਸਾਦ ਤੇ ਰਾਧਾ ਕ੍ਰਿਸ਼ਨਨ ਵਰਗੇ ਵਿਦਵਾਨ ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਹੁੰਦੇ ਸਨ। ਅੱਜਕੱਲ੍ਹ ਬੌਣੇ ਕੱਦ ਵਾਲੇ ਆਗੂ ਇਸ ਡਰ ਹੇਠ ਕਿ ਲੋਕਾਂ ਨੂੰ ਸਾਡਾ ਬੌਣਾਪਣ ਦਿੱਸ ਨਾ ਜਾਵੇ, ਪਹਿਲੇ ਆਗੂਆਂ ਦਾ ਕੱਦ ਛਾਂਗਣ ਰੁੱਝੇ ਹੋਏ ਦਿਖਾਈ ਦੇਂਦੇ ਸਨ।

ਉਸ ਵੇਲੇ ਭਾਰਤ ਦੇ ਲੋਕਾਂ ਨੂੰ ਇੱਕ ਪਾਸੇ ਆਜ਼ਾਦੀ ਮਿਲਣ ਦੀ ਖੁਸ਼ੀ ਸੀ, ਦੂਸਰੇ ਪਾਸੇ ਦੇਸ਼ ਦੀ ਵੰਡ ਹੋਣ ਕਾਰਨ ਆਬਾਦੀ ਦੇ ਤਬਾਦਲੇ ਦੌਰਾਨ ਏਥੋਂ ਜਾਂਦੇ ਅਤੇ ਨਵੇਂ ਬਣੇ ਦੇਸ਼ ਤੋਂ ਏਧਰ ਆਉਂਦੇ ਕਾਫਲਿਆਂ ਵਾਲੇ ਲੋਕਾਂ ਦੇ ਕਤਲੇਆਮ ਦਾ ਦਰਦ ਸਹਿਣਾ ਪੈ ਰਿਹਾ ਸੀ। ਲੋਕ ਖੁਸ਼ੀ ਨਾਲ ਖੀਵੇ ਹੋਣ ਜਾਂ ਦੁੱਖ ਨਾਲ ਧਾਹੀਂ ਮਾਰ ਕੇ ਰੋਣ ਦੀ ਹਾਲਤ ਦੇ ਵਿਚਾਲੇ ਫਸੇ ਹੋਏ ਕਿਹੋ ਜਿਹੇ ਦਿਨ ਗੁਜ਼ਾਰਦੇ ਸਨ, ਅੱਜ ਦੇ ਰਾਜ-ਕਰਤਿਆਂ ਨੂੰ ਅੰਦਾਜ਼ਾ ਨਹੀਂ ਹੋ ਸਕਦਾ। ਹਰ ਸਾਲ ਜਦੋਂ ਦੇਸ਼ ਦੀ ਆਜ਼ਾਦੀ ਦਾ ਦਿਨ ਆਉਂਦਾ ਹੈ, ਓਦੋਂ ਉੱਜੜ ਕੇ ਆਏ ਲੋਕਾਂ ਤੋਂ ਉਨ੍ਹਾਂ ਨਾਲ ਹੋਈ-ਬੀਤੀ ਦੇ ਬਿਰਤਾਂਤ ਸਾਡੇ ਵਰਗੇ ਜਿਹੜੇ ਲੋਕਾਂ ਨੇ ਬਚਪਨ ਵਿੱਚ ਸੁਣੇ ਸਨ, ਉਹ ਉਨ੍ਹਾਂ ਲੋਕਾਂ ਵੱਲੋਂ ਹੰਢਾਈ ਪੀੜ ਵੀ ਯਾਦ ਕਰਦੇ ਹਨ। ਆਪਣਾ ਸਭ ਕੁਝ ਓਥੇ ਛੱਡ ਕੇ ਜਾਂ ਰਾਹਾਂ ਵਿੱਚ ਲੁਟਾਉਣ ਪਿੱਛੋਂ ਕੈਂਪਾਂ ਵਿੱਚ ਆਣ ਬੈਠੇ ਲੋਕ ਗਵਾਚੇ ਮਾਲ ਦਾ ਚੇਤਾ ਘੱਟ ਕਰਦੇ ਤੇ ਆਪਣੇ ਨਾਲ ਰਾਹਾਂ ਵਿੱਚ ਹੋਈ ਕੱਟ-ਵੱਢ ਅਤੇ ਧੀਆਂ-ਭੈਣਾਂ ਖੋਹੀਆਂ ਜਾਣ ਦਾ ਚੇਤਾ ਕਰ ਕੇ ਵੱਧ ਰੋਂਦੇ ਹੁੰਦੇ ਸਨ। ਜਿਹੜੇ ਲੋਕਾਂ ਨੇ ਓਧਰ ਜਾਂਦੇ ਕਾਫਲਿਆਂ ਨੂੰ ਲੁੱਟਿਆ ਜਾਂ ਉਨ੍ਹਾਂ ਦੀਆਂ ਧੀਆਂ-ਭੈਣਾਂ ਉਧਾਲ ਲਈਆਂ ਸਨ, ਉਹ ਮਾਣ ਨਾਲ ਸੀਨਾ ਚੌੜਾ ਕਰ ਕੇ ਆਪਣੀ ਅਖੌਤੀ ਬਹਾਦਰੀ ਦੇ ਕਿੱਸੇ ਸੁਣਾਉਂਦੇ ਹੁੰਦੇ ਸਨ, ਪਰ ਉਨ੍ਹਾਂ ਲੋਕਾਂ ਵੱਲੋਂ ਉਧਾਲੀਆਂ ਹੋਈਆਂ ਔਰਤਾਂ ਨੂੰ ਅਸੀਂ ਕਦੀ ਹੱਸਦੀਆਂ ਜਾਂ ਮੁਸਕਰਾਉਂਦੀਆਂ ਨਹੀਂ ਸੀ ਤੱਕਿਆ। ਓਧਰ ਪਾਕਿਸਤਾਨ ਵਿੱਚ ਰਹਿ ਗਈਆਂ ਸਾਡੀਆਂ ਪੱਲੇ ਵੀ ਇਨ੍ਹਾਂ ਵਿਚਾਰੀਆਂ ਵਰਗਾ ਰੋਣਾ ਹੀ ਪਿਆ ਹੋਵੇਗਾ, ਜਿਸ ਦਾ ਚੇਤਾ ਅੱਜ ਕੋਈ ਨਹੀਂ ਕਰਨਾ ਚਾਹੁੰਦਾ।

ਉਹ ਭਾਰਤ ਦਾ ਕੱਲ੍ਹ ਬਣ ਕੇ ਰਹਿ ਗਿਆ ਹੈ, ਬੀਤਿਆ ਹੋਇਆ ਕੱਲ੍ਹ ਦਾ ਸਮਾਂ। ਅੱਜ ਇਸ ਦੇਸ਼ ਵਿੱਚ ਜਿਨ੍ਹਾਂ ਦੇ ਹੱਥਾਂ ਵਿੱਚ ਰਾਜ-ਭਾਗ ਦੀ ਕਮਾਨ ਹੈ, ਉਹ ਉਨ੍ਹਾਂ ਦਿਨਾਂ ਦੀਆਂ ਕਹਾਣੀਆਂ ਸੁਣ ਕੇ ਜਾਂ ਲੋਕਾਂ ਨੂੰ ਚੇਤੇ ਕਰਵਾ ਕੇ ਆਪਣੇ ਉਸ ਨਿਸ਼ਾਨੇ ਤੋਂ ਨਹੀਂ ਭਟਕਣਾ ਚਾਹੁੰਦੇ, ਜਿਹੜਾ ਵੱਖ-ਵੱਖ ਭਾਈਚਾਰਿਆਂ ਦੇ ਪਾਟਣ ਉੱਤੇ ਨਿਰਭਰ ਹੈ। ਜਿਸ ਦਾ ਕਦੇ ਕੋਈ ਆਪਣਾ ਨਹੀਂ ਮਰਿਆ, ਜਿਸ ਨੂੰ ਕਦੀ ਏਦਾਂ ਦੀ ਪੀੜ ਨਹੀਂ ਜਰਨੀ ਪਈ, ਉਸ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਉਸ ਦੀ ਫਿਰਕੇਦਾਰੀ ਭਾਰਤ ਨੂੰ ਮੁੜ-ਮੁੜ ਖੂਨ-ਰੰਗੇ ਦਿਨਾਂ ਵਿੱਚ ਫਸਾ ਰਹੀ ਹੈ। ਉਹ ਇਸ ਦੀ ਥਾਂ ਦੇਸ਼ ਦੇ ਸਿਖਰਲੇ ਤਖਤ ਉੱਤੇ ਕਬਜ਼ਾ ਕਰਨ ਜਾਂ ਕਰ ਲਿਆ ਹੈ ਤਾਂ ਕਾਇਮ ਰੱਖਣ ਬਾਰੇ ਸੋਚੇਗਾ ਤੇ ਉਹ ਇਹ ਵੀ ਜਾਣਦਾ ਹੈ ਕਿ ਰਾਜ ਮਹਿਲ ਉੱਤੇ ਕਬਜ਼ੇ ਕਰਨ ਦੇ ਲਈ ਪੁਰਾਣੇ ਰਾਜਿਆਂ ਵਾਂਗ ਲਾਸ਼ਾਂ ਦੀ ਪੌੜੀ ਵੀ ਬਣਾਉਣੀ ਪਵੇ ਤਾਂ ਇਸ ਨੂੰ ਗਲਤ ਨਹੀਂ ਸਮਝਣਾ ਚਾਹੀਦਾ। ਰਾਜ-ਸੱਤਾ ਅਫਸੋਸ ਨਹੀਂ ਕਰਦੀ ਹੁੰਦੀ ਤੇ ਰਾਜੇ ਅਫਸੋਸ ਨਹੀਂ ਕਰਦੇ ਹੁੰਦੇ। ਅਫਸੋਸ ਕਰਨ ਲੱਗਣ ਤਾਂ ਰਾਜ-ਕਰਤਿਆਂ ਦੀ ਹਾਲਤ ਉਸ ਮੁਹਾਵਰੇ ਵਰਗੀ ਹੋਵੇਗੀ ਕਿ 'ਘੋੜਾ ਘਾਹ ਨਾਲ ਯਾਰੀ ਪਾ ਲਵੇ ਤਾਂ ਖਾਵੇਗਾ ਕੀ?' ਲੋਕਾਂ ਦਾ ਦਰਦ ਮਹਿਸੂਸ ਕਰਨ ਤਾਂ ਮਹਿਲਾਂ ਦੀਆਂ ਪੌੜੀਆਂ ਕਿਵੇਂ ਚੜ੍ਹਨਗੇ ਲੋਕਤੰਤਰ ਦੇ ਰਾਜੇ?

ਇੱਕ ਬੜਾ ਮਾਣ-ਮੱਤਾ ਸ਼ਾਇਰ ਹੁੰਦਾ ਸੀ ਬਿਸਮਿਲ ਫਰੀਦਕੋਟੀ, ਜਿਹੜਾ ਰਿਕਸ਼ਾ ਚਲਾ ਕੇ ਗੁਜ਼ਾਰਾ ਕਰਦਾ ਵੀ ਆਪਣੇ ਦੇਸ਼ ਅਤੇ ਇਸ ਦੇਸ਼ ਦੇ ਲੋਕਾਂ ਲਈ ਲਿਖਿਆ ਕਰਦਾ ਸੀ। ਜਦੋਂ ਦੇਸ਼ ਦੀ ਆਜ਼ਾਦੀ ਕੁਰਾਹੇ ਪੈਣ ਲੱਗੀ ਅਤੇ ਮਸਾਂ ਕੱਢੇ ਵਿਦੇਸ਼ੀ ਹਾਕਮਾਂ ਦੇ ਬਾਟੀ-ਚੱਟ ਇਸ ਰਾਜ ਵਿੱਚ ਆਗੂ ਬਣਨੇ ਸ਼ੁਰੂ ਹੋ ਗਏ ਤਾਂ ਬਿਸਮਿਲ ਫਰੀਦਕੋਟੀ ਨੇ ਇਸ ਦਾ ਦਰਦ ਮਹਿਸੂਸ ਕੀਤਾ ਅਤੇ ਫਿਰ ਉਸ ਦਰਦ ਨੂੰ ਇਸ ਤਰ੍ਹਾਂ ਬਿਆਨਿਆ ਸੀ:

ਅੰਨ੍ਹੇ ਦਿਆਂ ਨੈਣਾਂ ਵਿੱਚ ਖੁਮਾਰ ਆਇਆ ਏ!
ਗੰਜੀ ਨੂੰ ਵੀ ਕੰਘੀ 'ਤੇ ਪਿਆਰ ਆਇਆ ਏ!
ਵੇਚੇ ਸੀ ਜਿਨ੍ਹਾਂ ਆਪਣੇ ਸ਼ਹੀਦਾਂ ਦੇ ਖੱਫਣ,
ਉਨ੍ਹਾਂ ਦਾ ਵਜ਼ੀਰਾਂ'ਚ ਸ਼ੁਮਾਰ ਆਇਆ ਏ!

ਅੱਜ ਜਦੋਂ ਭਾਰਤ ਦੀ ਆਜ਼ਾਦੀ ਚੁਹੱਤਰ ਸਾਲ ਹੰਢਾ ਕੇ ਪੰਝੱਤਰਵੇਂ ਸਾਲ ਵਿੱਚ ਦਾਖਲ ਹੋਈ ਹੈ, ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਜਿਨ੍ਹਾਂ ਨੇ ਇਸ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਸਨ। ਜਿਨ੍ਹਾਂ ਨੇ ਅੰਗਰੇਜ਼ ਹਾਕਮਾਂ ਦੇ ਟੋਡੀ ਬਣ ਕੇ ਦੇਸ਼ਭਗਤਾਂ ਦੇ ਖਿਲਾਫ ਗਵਾਹੀਆਂ ਦਿੱਤੀਆਂ ਸਨ, ਉਹ ਵੀ ਦੇਸ਼ ਦੇ ਆਗੂ ਬਣ ਕੇ ਰਾਜ ਕਰਦੇ ਤੇ ਨਾਲ ਦੀ ਨਾਲ ਆਪਣੀ ਉਸ ਕੁਰਬਾਨੀ ਦੀਆਂ ਕਹਾਣੀਆਂ ਪਾਉਂਦੇ ਹਨ, ਜਿਹੜੀ ਕਦੇ ਕੀਤੀ ਹੀ ਨਹੀਂ ਸੀ। ਅਸੀਂ ਸੁਣਿਆ ਸੀ ਕਿ ਇਤਿਹਾਸ ਬੜਾ ਬੇਰਹਿਮ ਹੁੰਦਾ ਹੈ ਅਤੇ ਉਹ ਹਰ ਕੱਚੇ-ਪਿੱਲੇ ਦਾ ਨਿਬੇੜਾ ਕਰ ਸਕਦਾ ਹੈ, ਪਰ ਸਾਡੇ ਸਮਿਆਂ ਵਿੱਚ ਇਤਿਹਾਸ ਵੀ ਆਪਣੀ ਮਰਜ਼ੀ ਦਾ ਇਹੋ ਜਿਹਾ ਲਿਖਵਾਇਆ ਅਤੇ ਪੜ੍ਹਾਇਆ ਜਾਣ ਲੱਗਾ ਹੈ, ਜਿਸ ਦਾ ਸਿਰ-ਪੈਰ ਕੋਈ ਨਹੀਂ ਲੱਭਦਾ। ਅਲਿਫ-ਲੈਲਾ ਦੇ ਕਿੱਸਿਆਂ ਵਰਗੀਆਂ ਮਨੋ-ਕਲਪਿਤ ਜਾਂ ਪੁਰਾਣੇ ਗ੍ਰੰਥਾਂ ਵਿਚਲੀਆਂ ਕਹਾਣੀਆਂ ਲੱਭ-ਲੱਭ ਕੇ ਪੜ੍ਹਾਈਆਂ ਜਾ ਰਹੀਆਂ ਹਨ। ਦੇਸ਼ ਦੀ ਆਜ਼ਾਦੀ ਦਾ ਟੀਚਾ ਹਾਸਲ ਕਰਨ ਪਿੱਛੋਂ ਸੰਵਿਧਾਨ ਦੀ ਜਿਹੜੀ ਪਹਿਲੀ ਲਿਖਤ ਪ੍ਰਵਾਨ ਕੀਤੀ ਗਈ, ਉਸ ਵਿੱਚ ਕਿਹਾ ਗਿਆ ਸੀ ਕਿ ਇਸ ਦੇਸ਼ ਦੇ ਲੋਕਾਂ ਦੀ ਵਿਗਿਆਨ ਦੇ ਪੱਖੋਂ ਨਿੱਗਰ ਸੋਚ ਵਿਕਸਤ ਕਰਨ ਲਈ ਸਰਕਾਰ ਯਤਨ ਕਰੇਗੀ। ਅੱਜ ਦੀ ਸਰਕਾਰ ਦੇ ਵਕਤ ਖੁਦ ਪ੍ਰਧਾਨ ਮੰਤਰੀ ਦੇ ਚੋਣ ਹਲਕੇ ਵਿੱਚੋਂ ਇਹ ਖਬਰ ਸੁਣੀ ਜਾ ਚੁੱਕੀ ਹੈ ਕਿ ਓਥੇ ਭੂਤ-ਵਿਦਿਆ ਦੀ ਡਿਗਰੀ ਕਰਵਾਉਣ ਲਈ ਇੱਕ ਕਾਲਜ ਦੇ ਵਿੱਚ ਕੋਰਸ ਸ਼ੁਰੂ ਕੀਤਾ ਜਾਣ ਵਾਲਾ ਹੈ। ਇੱਕੀਵੀਂ ਸਦੀ ਦੇ ਭਾਰਤ ਵਿੱਚ ਲੋਕਾਂ ਨੂੰ ਭੂਤ-ਪ੍ਰੇਤ ਦੀ ਪੜ੍ਹਾਈ ਕਰਾਉਣ ਦਾ ਕੰਮ ਕੀਤਾ ਜਾਵੇਗਾ ਅਤੇ ਭਗਤ ਸਿੰਘ ਤੇ ਸੁਭਾਸ਼ ਚੰਦਰ ਬੋਸ ਤੋਂ ਲੈ ਕੇ ਗਦਰ ਪਾਰਟੀ ਤੱਕ ਵਾਲੇ ਮਹਾਨ ਬਾਬਿਆਂ ਦੀ ਜ਼ਿੰਦਗੀ ਬਾਰੇ ਦੱਸਣ ਦੀ ਥਾਂ ਉਨ੍ਹਾਂ ਲੋਕਾਂ ਦੀ ਤੜਕੇ ਲਾ ਕੇ ਸਵਾਦੀ ਬਣਾਈ ਜੀਵਨੀ ਪੜ੍ਹਾਈ ਜਾਵੇਗੀ, ਜਿਹੜੇ ਅੰਗਰੇਜ਼ੀ ਹਾਕਮਾਂ ਦੇ ਕਾਰਿੰਦੇ ਬਣ-ਬਣ ਕੇ ਆਜ਼ਾਦੀ ਦੀ ਲਹਿਰ ਨੂੰ ਢਾਹ ਲਾਉਣ ਦਾ ਕੰਮ ਕਰਦੇ ਰਹੇ ਸਨ। ਏਦਾਂ ਦੇ ਹਾਲਾਤ ਵਿਚ ਆਜ਼ਾਦੀ ਦੀ ਦੇਵੀ ਜੇ ਇਸ ਦੇਸ਼ ਦੀ ਕਿਸੇ ਨੁੱਕਰ ਵਿੱਚ ਛੁਪੀ ਬੈਠੀ ਹੋਈ ਤਾਂ ਗੋਡਿਆਂ ਵਿੱਚ ਸਿਰ ਦੇ ਕੇ ਹਾਉਕੇ ਲੈਂਦੀ ਹੋਵੇਗੀ। ਹੋਰ ਉਹ ਕਰੇਗੀ ਵੀ ਕੀ, ਜਿਹੜੀ ਨੇਕ ਇੱਛਾ ਨਾਲ ਉਹ ਇਸ ਦੇਸ਼ ਵਿੱਚ ਆਈ ਸੀ, ਉਹ ਇੱਛਾ ਵਾਹਗੇ ਦੀ ਲਕੀਰ ਦੇ ਓਧਰ ਤੇ ਏਧਰ ਲੋਕਾਂ ਦੇ ਤਬਾਦਲੇ ਨੇ ਸ਼ੁਰੂ ਵਿੱਚ ਹੀ ਵਲੂੰਧਰ ਦਿੱਤੀ ਸੀ। ਉਸ ਦੇ ਬਾਅਦ ਜਦੋਂ ਕਦੇ ਜ਼ਖਮਾਂ ਉੱਤੇ ਸਿੱਕੜ ਆਉਣ ਦੀ ਆਸ ਹੁੰਦੀ ਹੈ, ਰਹਿੰਦੀ ਕਸਰ ਕੱਢਣ ਵਾਸਤੇ ਓਦੋਂ ਵਾਲੇ ਕਾਤਲਾਂ ਦੀ ਨਵੀਂ ਪੀੜ੍ਹੀ ਛਵ੍ਹੀਆਂ-ਗੰਡਾਸਿਆਂ ਦੀ ਥਾਂ ਅਜੋਕੇ ਫਿਰਕੂ ਰੂਪ ਵਿੱਚ ਇਹੋ ਜਿਹੇ ਲਲਕਾਰੇ ਮਾਰਦੀ ਸੁਣਦੀ ਹੈ ਕਿ ਆਜ਼ਾਦੀ ਦੀ ਦੇਵੀ ਫਿਰ ਸਹਿਮ ਜਾਂਦੀ ਹੈ।

## ਸਿਆਸਤ ਦੇ ਅਪਰਾਧੀਕਰਨ ਉਤੇ ਰੋਕ ਲੱਗਣੀ ਜ਼ਰੂਰੀ

-ਵਿਪਿਨ ਪੱਬੀ

ਭਾਰਤੀ ਸਿਆਸਤ ਵਿੱਚ ਇੱਕ ਬਹੁਤ ਚਿੰਤਾਜਨਕ ਰੁਝਾਨ ਇਹ ਹੈ ਕਿ ਅਜਿਹੇ ਸਿਆਸਤਦਾਨਾਂ ਦਾ ਚੋਣ ਲੜਨ ਤੇ ਇੱਥੋਂ ਤੱਕ ਕਿ ਚੋਣ ਜਿੱਤਣਾ ਵਧੀ ਜਾਂਦਾ ਹੈ, ਜੋ ਅਪਾਰਧਕ ਦੋਸ਼ਾਂ ਵਿੱਚ ਫਸੇ ਹੋਏ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ (ਏ ਡੀ ਆਰ), ਜਿਸ ਨੂੰ ਉਮੀਦਵਾਰਾਂ ਦੇ ਦਿੱਤੇ ਐਫੀਡੇਵਿਟਸ ਆਧਾਰ ਉੱਤੇ ਅੰਕੜਿਆਂ ਦੀ ਘੋਖ ਕਰਨ ਦੀ ਮੁਹਾਰਤ ਹੈ, ਵੱਲੋਂ ਤਿਆਰ ਅੰਕੜਿਆਂ ਵਿੱਚ ਇਹ ਇਸ਼ਾਰਾ ਕੀਤਾ ਗਿਆ ਹੈ ਕਿ ਉਨ੍ਹਾਂ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ, ਜਿਨ੍ਹਾਂ ਦੇ ਵਿਰੁੱਧ ਅਪਰਾਧਿਕ ਕੇਸ ਐਲਾਨੇ ਜਾ ਚੁੱਕੇ ਹਨ, 2009 ਵਿੱਚ 30 ਦੇ ਮੁਕਾਬਲੇ 2014 ਵਿੱਚ 34 ਤੇ 2019 ਵਿੱਚ 43 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਇਸ ਵਿੱਚ ਉਹ ਫੀਸਦੀ ਸ਼ਾਮਲ ਹੈ ਜਿਨ੍ਹਾਂ ਦੇ ਵਿਰੁੱਧ ਅਪਰਾਧ ਦੇ ਗੰਭੀਰ ਦੋਸ਼ ਹਨ, ਜਿਨ੍ਹਾਂ ਦੀ ਗਿਣਤੀ 2009 ਵਿੱਚ 14 ਤੋਂ ਵਧ ਕੇ 2014 ਵਿੱਚ 21 ਅਤੇ 2019 ਵਿੱਚ 29 ਫ਼ੀਸਦੀ ਹੋ ਗਈ ਹੈ।

ਇਹ ਚਿੰਤਾ ਦੀ ਗੱਲ ਹੈ ਕਿ ਇਹ ਲੱਗਭਗ ਸਭ ਸਿਆਸੀਆਂ ਪਾਰਟੀਆਂ ਨਾਲ ਸਬੰਧਤ ਹਨ, ਜਿਨ੍ਹਾਂ ਵਿੱਚ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਖੱਬੇ ਪੱਖੀ ਸ਼ਾਮਲ ਹਨ। ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ, ਬਹੁਜਨ ਸਮਾਜ ਪਾਰਟੀ ਤੇ ਤ੍ਰਿਣਮੂਲ ਕਾਂਗਰਸ ਆਦਿ ਖੇਤਰੀ ਪਾਰਟੀਆਂ ਦਾ ਰਿਕਾਰਡ ਖ਼ਰਾਬ ਵੀ ਹੈ। ਮਿਸਾਲ ਵਜੋਂ ਅਪਰਾਧਕ ਪਿਛੋਕੜ ਵਾਲੇ 427 ਉਮੀਦਵਾਰਾਂ ਨੇ 2020 ਵਿੱਚ ਬਿਹਾਰ ਦੀਆਂ ਚੋਣਾਂ ਲੜੀਆਂ, ਜਿਨ੍ਹਾਂ ਵਿੱਚ 104 ਅਜਿਹੇ ਉਮੀਦਵਾਰਾਂ ਨੂੰ ਰਾਸ਼ਟਰੀ ਜਨਤਾ ਦਲ ਅਤੇ 77 ਨੂੰ ਭਾਜਪਾ ਨੇ ਟਿਕਟ ਦਿੱਤੀ ਸੀ। ਸਿਸਟਮ ਦਾ ਮਜ਼ਾਕ ਉਡਾਉਂਦਾ ਇਹ ਰੁਝਾਨ ਵਧੀ ਜਾ ਰਿਹਾ ਹੈ ਕਿ ਸਿਆਸੀ ਵਿਰੋਧੀਆਂ ਵਿਰੁੱਧ ਅਪਰਾਧਿਕ ਕੇਸ ਦਰਜ ਕੀਤੇ ਜਾਣ ਅਤੇ ਆਪਣੀ ਪਾਰਟੀ ਦੇ ਲੋਕਾਂ ਦੇ ਵਿਰੁੱਧ ਅਜਿਹੇ ਮਾਮਲੇ ਹਟਾ ਦਿੱਤੇ ਜਾਣ, ਜੋ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕਿਹੜੀ ਪਾਰਟੀ ਸੱਤਾਂ ਵਿੱਚ ਹੈ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇੱਕ ਵਾਰ ਜਦੋਂ ਅਪਰਾਧਿਕ ਕੇਸ ਦਰਜ ਹੋ ਜਾਂਦਾ ਹੈ ਤਾਂ ਇਸ ਦਾ ਫ਼ੈਸਲਾ ਅਦਾਲਤਾਂ ਨੂੰ ਕਰਨਾ ਹੁੰਦਾ ਹੈ, ਪਰ ਆਮ ਤੌਰ ਉੱਤੇ ਅਜਿਹੇ ਕੇਸਾਂ ਵਿੱਚ ਸਰਕਾਰਾਂ ਮੁਦੱਈ ਹੁੰਦੀਆਂ ਹਨ ਅਤੇ ਉਸਦੇ ਆਪਣੇ ਸਮਰਥਕਾਂ ਵਿਰੁੱਧ ਦੋਸ਼ ਵਾਪਸ ਲੈ ਲਏ ਜਾਂਦੇ ਹਨ। ਇਹ ਸੱਚ ਹੈ ਕਿ ਕਈ ਵਾਰ ਸਿਆਸੀ ਵਿਰੋਧੀਆਂ ਉੱਤੇ ਝੂਠੇ ਜਾਂ ਹੋਛੇ ਕੇਸ ਦਰਜ ਕਰਵਾਏ ਜਾਂਦੇ ਹਨ, ਪਰ ਉਨ੍ਹਾਂ ਦਾ ਫੈਸਲਾ ਅਤੇ ਦੋਸ਼ੀ ਨੂੰ ਸਜ਼ਾ ਦੇਣ ਦਾ ਅਧਿਕਾਰ ਅਦਾਲਤ ਉੱਤੇ ਛੱਡਣਾ ਬਿਹਤਰ ਹੋਵੇਗਾ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹੋਣ, ਜਿਨ੍ਹਾਂ ਨੇ ਝੂਠੇ ਮਾਮਲੇ ਦਰਜ ਕਰਵਾਏ ਹੋਣ। ਦੇਸ਼ ਦੀ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਦੋ ਮਹੱਤਵ ਪੂਰਨ ਹੁਕਮਾਂ ਹੇਠ ਅਜਿਹੇ ਕੇਸਾਂ ਦਾ ਮਜ਼ਬੂਤੀ ਨਾਲ ਸਾਹਮਣਾ ਕਰਨ ਦਾ ਯਤਨ ਕੀਤਾ ਹੈ। ਸਿਆਸਤ ਦੇ ਅਪਰਾਧੀਕਰਨ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਸੁਪਰੀਮ ਕੋਰਟ ਦੀਆਂ ਦੋ ਵੱਖ-ਵੱਖ ਬੈਂਚਾਂ ਨੇ ਇਹ ਮੁੱਦਾ ਉਠਾਇਆ ਹੈ ਤੇ ਜ਼ਿਆਦਾਤਰ ਸਿਆਸੀ ਪਾਰਟੀਆਂ ਬਾਰੇ ਸਖ਼ਤ ਟਿੱਪਣੀਆਂ ਕੀਤੀਆਂ ਹਨ। ਇਹ ਕਹਿ ਕੇ ਕਿ ਸਿਆਸਤ ਦੇ ਅਪਰਾਧੀਕਰਨ ਬਾਰੇ ਦੇਸ਼ ਆਪਣੀ ਸਹਿਣਸ਼ੀਲਤਾ ਖੋਹ ਰਿਹਾ ਹੈ, ਜਸਟਿਸ ਰੋਹਿੰਟਨ ਨਰੀਮਨ ਅਤੇ ਜਸਟਿਸ ਬੀ ਆਰ ਗਵੱਈ ਦੇ ਬੈਂਚ ਨੇ ਕਿਹਾ ਕਿ ਉਹ ਕਾਨੂੰਨ ਘਾੜਿਆਂ ਨੂੰ ਅੰਤਰ-ਆਤਮਾ ਦੀ ਅਪੀਲ ਕਰ ਰਹੀ ਹੈ ਤਾਂ ਕਿ ਸਿਆਸਤ ਦੇ ਅਪਰਾਧੀਕਰਨ ਨਾਲ ਅਸਰ ਦਾਇਕ ਢੰਗ ਨਾਲ ਨਜੀਠਿਆ ਜਾ ਸਕੇ। ਬੈਂਚ ਨੇ 8 ਸਿਆਸੀ ਪਾਰਟੀਆਂ ਨੂੰ ਜੁਰਮਾਨਾ ਕੀਤਾ, ਜਿਨ੍ਹਾਂ ਵਿੱਚ ਅਦਾਲਤ ਦੇ ਪਹਿਲਾਂ ਦਿੱਤੇ ਹੁਕਮਾਂ ਅਨੁਸਾਰ ਬਿਹਾਰ ਚੋਣਾਂ ਵਿੱਚ ਆਪਣੇ ਉਮੀਦਵਾਰਾਂ ਵਿਰੁੱਧ ਅਪਰਾਧਿਕ ਕੇਸਾਂ ਦੇ ਵੇਰਵੇ ਨਾ ਦੱਸਣ ਵਾਲੀ ਕਾਂਗਰਸ ਤੇ ਭਾਜਪਾ ਵੀ ਸ਼ਾਮਲ ਹੈ।

ਉਸੇ ਦਿਨ ਭਾਰਤ ਦੇ ਚੀਫ ਜਸਟਿਸ ਐਨ ਵੀ ਰਮੰਨਾ ਦੀ ਪ੍ਰਧਾਨਗੀ ਵਿੱਚ ਸੁਪਰੀਮ ਕੋਰਟ ਦੀ ਬੈਂਚ ਨੇ ਇੱਕ ਹੋਰ ਮਹੱਤਵ ਪੂਰਨ ਦਿਸ਼ਾ-ਨਿਰਦੇਸ਼ ਦਿੱਤਾ। ਇਸ ਨੇ ਸੂਬਾ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਕਿ ਕਿਸੇ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਵਿਰੁੱਧ ਕੋਈ ਅਪਰਾਧਿਕ ਕੇਸ ਸਬੰਧਤ ਹਾਈ ਕੋਰਟ ਦੀ ਪ੍ਰਵਾਨਗੀ ਦੇ ਬਿਨਾਂ ਵਾਪਸ ਨਹੀਂ ਲਿਆ ਜਾ ਸਕਦਾ। ਅਜਿਹੀਆਂ ਕਈ ਮਿਸਾਲਾਂ ਹਨ, ਜਿਨ੍ਹਾਂ ਵਿੱਚ ਸੂਬਾ ਸਰਕਾਰਾਂ ਨੇ ਹੇਠਲੀ ਅਦਾਲਤ ਤੋਂ ਅਜਿਹੇ ਕੇਸਾਂ ਨੂੰ ਵਾਪਸ ਲੈ ਲਿਆ, ਜਿੱਥੇ ਇਹ ਕੇਸ ਚੱਲਦੇ ਸਨ। ਇਨ੍ਹਾਂ ਰਾਜਾਂ ਵਿੱਚ ਉਤਰ ਪ੍ਰਦੇਸ਼, ਕਰਨਾਟਕ, ਮਹਾਰਾਸ਼ਟਰ ਅਤੇ ਉਤਰਾਖੰਡ ਵੀ ਹਨ।

ਅਦਾਲਤ ਨੇ ਨਾ ਸਿਰਫ਼ ਇਹ ਨਿਰਦੇਸ਼ ਦਿੱਤਾ ਕਿ ਅਜਿਹੇ ਕੇਸਾਂ ਦੀ ਸੁਣਵਾਈ ਕਰਦੇ ਜੱਜਾਂ ਨੂੰ ਬਦਲਿਆ ਨਹੀਂ ਜਾਣਾ ਚਾਹੀਦਾ, ਸਗੋਂ ਸੰਕੇਤ ਦਿੱਤਾ ਕਿ ਅਜਿਹੇ ਕੇਸਾਂ ਨਾਲ ਤੇਜ਼ੀ ਨਾਲ ਨਜਿੱਠਣ ਲਈ ਉਹ ਵਿਸ਼ੇਸ਼ ਅਦਾਲਤ ਬਾਰੇ ਵੀ ਸੋਚ ਰਹੀ ਹੈ। ਇਸ ਨੇ ਸੀ ਬੀ ਆਈ ਨੂੰ ਵੀ ਚਿਤਾਵਨੀ ਦਿੱਤੀ, ਜਿਸ ਨੂੰ ਪਹਿਲਾਂ ਅਦਾਲਤ ਨੇ ਅਜਿਹੇ ਕੇਸਾਂ ਦੀ ਸਥਿਤੀ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਸੀ, ਜਿਨ੍ਹਾਂ ਵਿੱਚ ਜਾਂਚ ਏਜੰਸੀ ਚੁਣੇ ਹੋਏ ਪ੍ਰਤੀਨਿਧੀਆਂ ਦੇ ਵਿਰੁੱਧ ਕਰ ਰਹੀ ਸੀ।

ਸਿਆਸਤ ਦੇ ਅਪਰਾਧੀਕਰਨ ਦੇ ਵਧਦੇ ਰੁਝਾਨ ਉੱਤੇ ਰੋਕ ਲਾਉਣ ਲਈ ਇਨ੍ਹਾਂ ਸੁਧਾਰਾਂ ਦੀ ਬਹੁਤ ਜ਼ਿਆਦਾ ਲੋੜ ਹੈ। ਸ਼ਾਇਦ ਇਹ ਅਜਿਹੀਆਂ ਸਿਆਸੀ ਪਾਰਟੀਆਂ ਦੇ ਅਨੁਕੂਲ ਨਹੀਂ ਹੋਵੇਗਾ, ਜੋ ਸੱਤਾ ਪ੍ਰਾਪਤੀ ਦੇ ਲਈ ਧਨ ਅਤੇ ਬਲ ਸ਼ਕਤੀ ਉੱਤੇ ਨਿਰਭਰ ਹਨ। ਇਹ ਵੀ ਇੱਕ ਕਾਰਨ ਹੈ ਕਿ ਆਮ, ਪਰ ਸਮਰਥ ਲੋਕ ਸਿਆਸਤ ਵਿੱਚ ਦਾਖ਼ਲ ਨਹੀਂ ਹੋ ਰਹੇ। ਜਦੋਂ ਸਿਆਸਤ ਦੇ ਅਪਰਾਧੀਕਰਨ ਉੱਤੇ ਰੋਕ ਲਗਾਉਣ ਦੇ ਲਈ ਨਾ ਤਾਂ ਸਿਆਸੀ ਪਾਰਟੀਆਂ, ਨਾ ਵਿਧਾਨਪਾਲਿਕਾ ਅਤੇ ਨਾ ਹੀ ਕਾਰਜਕਰਨੀ ਕੁਝ ਮਹੱਤਵਪੂਰਨ ਕਰ ਰਹੀ ਹੈ, ਸਿਸਟਮ ਨੂੰ ਸੜਣ ਤੋਂ ਰੋਕਣ ਲਈ ਹੁਣ ਸਾਰੀਆਂ ਇੱਛਾਵਾਂ ਨਿਆ ਪਾਲਿਕਾ ਉੱਤੇ ਹਨ।

## ਮੌਜੂਦਾ ਵਪਾਰਕ ਨਿਜ਼ਾਮ ਅਤੇ ਖੇਡਾਂ

-ਪਾਵੇਲ ਕੁੱਸਾ

ਪੂੰਜੀਵਾਦ ਦਾ ਮੂਲ ਸੁਭਾਅ ਹਰ ਵਰਤਾਰੇ ਨੂੰ ਵਪਾਰਕ ਹਿੱਤਾਂ ਅਨੁਸਾਰ ਢਾਲਣ ਦਾ ਹੈ, ਖੇਡਾਂ ਵੀ ਇਸ ਤੋਂ ਅਛੂਤ ਨਹੀਂ। ਕੌਮਾਂਤਰੀ ਖੇਡ ਮੁਕਾਬਲੇ ਅਤੇ ਦੁਨੀਆ ਦੇ ਦੇਸ਼ਾਂ ਦੇ ਸਮੁੱਚੇ ਖੇਡ ਪ੍ਰਬੰਧ ਪੂੰਜੀਵਾਦੀ ਵਪਾਰਕ ਕਾਰੋਬਰੀ ਹਿੱਤਾਂ ਦੀ ਪੂਰਤੀ ਦਾ ਢੰਗ ਹਨ। ਓਲੰਪਿਕ ਖੇਡਾਂ ਸਣੇ ਲਗਭਗ ਸਭ ਵੰਨਗੀਆਂ ਦੇ ਖੇਡ ਮੁਕਾਬਲੇ ਸਾਮਰਾਜੀ ਬਹੁ-ਕੌਮੀ ਕੰਪਨੀਆਂ ਦੇ ਵਪਾਰਕ ਮੰਤਵਾਂ ਲਈ ਹੁੰਦੇ ਹਨ। ਸੰਸਾਰ ਅੰਦਰ ਭਾਵੇਂ ਪੂੰਜੀਵਾਦੀ ਨਿਜ਼ਾਮਾਂ ਦੇ ਨਾਲ ਹੀ ਖੇਡਾਂ ਅੰਦਰ ਵਪਾਰਕ ਹਿੱਤਾਂ ਦੀ ਘੁਸਪੈਠ ਸ਼ੁਰੂ ਹੋ ਗਈ ਸੀ, ਪਰ ਟੀ ਵੀ ਅਤੇ ਇੰਟਰਨੈਟ ਦੀ ਖੋਜ ਮਗਰੋਂ ਇਹ ਵਰਤਾਰਾ ਹੋਰ ਡੂੰਘਾ ਹੋ ਗਿਆ ਹੈ।

ਅੱਜ ਸਾਰੇ ਸੰਸਾਰ ਦੇ ਖੇਡ ਪ੍ਰਬੰਧ ਨੂੰ ਸੰਸਾਰ ਸਰਮਾਏਦਾਰੀ ਨੇ ਆਪਣੇ ਵਪਾਰਕ ਕਾਰੋਬਾਰਾਂ ਦੀ ਜਕੜ ਵਿੱਚ ਲਿਆ ਹੋਇਆ ਹੈ। ਇਨ੍ਹਾਂ ਨਿਜ਼ਾਮ ਅੰਦਰ ਵੱਖ-ਵੱਖ ਖੇਡਾਂ ਦੇ ਚੈਂਪੀਅਨ ਬਣ ਕੇ ਉਭਰੇ ਖਿਡਾਰੀਆਂ ਦੀਆਂ ਡੋਰਾਂ ਵੱਡੀਆਂ ਬਹੁ-ਕੌਮੀ ਕੰਪਨੀਆਂ ਦੇ ਹੱਥ ਫੜੀਆਂ ਦੇਖ ਕੇ ਸਵਾਲ ਉਠਦਾ ਹੈ, ਜਿਵੇਂ ਟੀ ਵੀ ਸਕਰੀਨਾਂ ਉੱਤੇ ਦਿਸਦੇ ਖਿਡਾਰੀਆਂ ਦੇ ਜਾਹੋ-ਜਲਾਲ ਦੇ ਇਹ ਪ੍ਰਗਟਾਵੇ ਸਾਡੇ ਲਈ ਗਾਹਕਾਂ ਵਜੋਂ ਬੁਣਿਆ ਜਾ ਰਿਹਾ ਜਾਲ ਹੋਵੇ। ਕ੍ਰਿਕਟ ਦੀ ਖੇਡ ਇਸ ਵਰਤਾਰੇ ਦਾ ਸਿਖਰਲਾ ਨਮੂਨਾ ਬਣ ਗਈ ਹੈ। ਸੱਟੇਬਾਜ਼ੀ ਹੇਠ ਮੈਚ ਫਿਕਸਿੰਗ ਤੋਂ ਆਈ ਪੀ ਐੱਲ ਤੱਕ ਲੰਮੀ ਕਹਾਣੀ ਹੈ, ਜਿਸ ਨੇ ਰਈਸਜ਼ਾਦਿਆਂ ਦੀ ਇਸ ਖੇਡ ਨੂੰ ਵਪਾਰਕ ਹਿਤਾਂ ਨਾਲ ਘਿਓ-ਖਿਚੜੀ ਕਰ ਦਿੱਤਾ ਹੈ।

ਕਿਸੇ ਖੇਡ ਦੀ ਹਰਮਨ ਪਿਆਰਤਾ, ਟੀ ਵੀ ਪ੍ਰਸਾਰਨ ਨਾਲ ਉਹਦਾ ਢੁਕਵਾਂ ਰਿਸ਼ਤਾ ਤੇ ਹੋਰ ਵੱਖ-ਵੱਖ ਕਾਰਨ ਰਲ ਕੇ ਉਸ ਦੀ ਵਪਾਰਕ ਮੰਤਵਾਂ ਲਈ ਵਰਤੋਂ ਉੱਤੇ ਵੱਧ-ਘੱਟ ਹੱਦ ਤੱਕ ਫਰਕ ਪਾਉਂਦੇ ਹਨ। ਬਹੁਤੇ ਖੇਡ ਮੁਕਾਬਲੇ ਬਹੁ-ਕੌਮੀ ਵਪਾਰਕ ਕੰਪਨੀਆਂ ਦੀ ਲੋੜ ਪੂਰਤੀ ਦਾ ਰਾਹ ਹਨ। ਖੇਡਾਂ ਤੇ ਵਪਾਰਕ ਹਿੱਤਾਂ ਦਾ ਆਪਸੀ ਰਿਸ਼ਤਾ ਇਸ ਹੱਦ ਤੱਕ ਗੂੜ੍ਹਾ ਹੋ ਚੁੱਕਾ ਹੈ ਕਿ ਕੋਰੋਨਾ ਦੌਰ ਵੇਲੇ ਜਦੋਂ ਸਾਰੀਆਂ ਜ਼ਰੂਰੀ ਪੈਦਾਵਾਰੀ ਸਰਗਰਮੀਆਂ ਤੱਕ ਬੰਦ ਸਨ, ਉਦੋਂ ਦਰਸ਼ਕਾਂ ਤੋਂ ਬਿਨਾਂ ਆਈ ਪੀ ਐੱਲ ਕਰਵਾਉਣ ਦਾ ਫੈਸਲਾ ਕੀਤਾ ਗਿਆ, ਕਿਉਂਕਿ ਆਈ ਪੀ ਐੱਲ ਵਿੱਚ ਲੱਗਿਆ ਪੈਸਾ ਤੇ ਇਸ ਦੇ ਪ੍ਰਸਾਰਨ ਨਾਲ ਜੁੜੇ ਹਿੱਤ ਇਹ ਘਾਟਾ ਸਹਿਣ ਦੀ ਇਜਾਜ਼ਤ ਨਹੀਂ ਦਿੰਦੇ। ਹਰ ਨਾਮੀ ਖਿਡਾਰੀ ਜਲਦੀ ਹੀ ਮਸ਼ਹੂਰੀਆਂ ਲਈ ਐਕਟਰ ਵਿੱਚ ਤਬਦੀਲ ਹੋ ਜਾਂਦਾ ਹੈ।

ਪੰਜਾਬ ਅੰਦਰ ਕਬੱਡੀ ਦਾ ਹਸ਼ਰ ਵੀ ਏਸੇ ਵਪਾਰੀਕਰਨ ਦੀ ਵੱਖਰੀ ਮਿਸਾਲ ਹੈ। ਪੇਂਡੂ ਨੌਜਵਾਨਾਂ ਦੀ ਰਵਾਇਤੀ ਜ਼ਿੰਦਗੀ ਵਿੱਚੋਂ ਨਿਕਲ ਕੇ ਜਦੋਂ ਕਬੱਡੀ ਕੈਨੇਡਾ ਅਮਰੀਕਾ ਦੇ ਮੈਦਾਨਾਂ ਵਿੱਚ ਜਾ ਕੇ ਪਈ ਤਾਂ ਕਬੱਡੀ ਪ੍ਰੇਮੀਆਂ ਅੰਦਰ ਭਰਮ ਪੈਦਾ ਹੋਇਆ ਕਿ ਕਬੱਡੀ ਉੱਤੇ ਡਾਲਰਾਂ ਦਾ ਮੀਂਹ ਵਰ੍ਹਨ ਲੱਗਾ ਹੈ ਤੇ ਇਹ ਅਗਲੇ ਵਿਕਾਸ ਦਾ ਦੌਰ ਬਣੇਗਾ, ਪਰ ਵਪਾਰੀਕਰਨ ਦੀ ਪਿਓਂਦ ਵਾਲੀਆਂ ਸਪਾਂਸਰਸ਼ਿਪਾਂ, ਵਿਦੇਸ਼ ਪਹੁੰਚਣ ਦਾ ਰਾਹ ਤੇ ਹੋਰ ਕਈ ਤਰ੍ਹਾਂ ਦੇ ਨਾਂਹ ਪੱਖੀ ਮੰਤਵਾਂ ਨਾਲ ਜੁੜੇ ਕਬੱਡੀ ਕੱਪ ਆਖਿਰ ਕਬੱਡੀ ਅਤੇ ਖਿਡਾਰੀਆਂ ਨੂੰ ਕਿੱਥੇ ਲੈ ਪਹੁੰਚੇ, ਇਹ ਹਰ ਪੰਜਾਬੀ ਜਾਣਦਾ ਹੈ।

ਬਾਜ਼ਾਰ ਦੀ ਇਸ ਪਹੁੰਚ ਨੇ ਖੇਡਾਂ ਨੂੰ ਮਨੁੱਖੀ ਸਮਾਜ ਅੰਦਰ ਉਸ ਦੇ ਮੂਲ ਮੰਤਵ ਤੋਂ ਬਹੁਤ ਦੂਰ ਕਰ ਦਿੱਤਾ ਹੈ। ਪੁਰਾਤਨ ਸਮਿਆਂ ਵਿੱਚ ਵੱਖ-ਵੱਖ ਵੰਨਗੀਆਂ ਦੀਆਂ ਖੇਡਾਂ ਕਿਰਤ ਅਮਲ ਵਿੱਚ ਲੱਗੇ ਮਨੁੱਖਾਂ ਦੇ ਮਨੋਰੰਜਨ ਦੇ ਢੰਗ ਵਜੋਂ ਉਪਜੀਆਂ ਸਨ। ਮਨੁੱਖ ਦੀ ਪੈਦਾਵਾਰੀ ਸਰਗਰਮੀ ਨਾਲ ਇਨ੍ਹਾਂ ਦਾ ਗੂੜ੍ਹਾ ਰਿਸ਼ਤਾ ਸੀ। ਜੰਗਲਾਂ ਅੰਦਰ ਸ਼ਿਕਾਰ ਕਰਨਾ, ਖੇਤੀ ਦੇ ਕੰਮਾਂ ਅਤੇ ਹੋਰ ਜੂਨ ਗੁਜ਼ਾਰੇ ਲਈ ਲੋੜੀਂਦੀਆਂ ਗਤੀਵਿਧੀਆਂ ਵਿੱਚ ਮਨੁੱਖੀ ਸਮਰੱਥਾ ਦਾ ਮੁਜ਼ਾਹਰਾ ਹੀ ਖੇਡਾਂ ਦਾ ਆਧਾਰ ਬਣਿਆ। ਭਾਰ ਚੁੱਕਣ, ਨੇਜ਼ਾ ਸੁੱਟਣਾ, ਦੌੜਨ, ਉੱਚੀਆਂ ਲੰਮੀਆਂ ਛਾਲਾਂ ਮਾਰਨ ਵਰਗੀਆਂ ਖੇਡਾਂ ਸਿੱਧੇ ਤੌਰ ਉੱਤੇ ਮਨੁੱਖੀ ਸਮਾਜ ਅੰਦਰ ਕੀਤੀ ਜਾਂਦੀ ਰੋਜ਼ਾਨਾ ਪੈਦਾਵਾਰੀ ਸਰਗਰਮੀ ਤੋਂ ਉਪਜੀਆਂ ਹੋਣ ਦਾ ਸਬੂਤ ਦਿੰਦੀਆਂ ਹਨ। ਖੇਡਾਂ ਪੁਰਾਤਨ ਸਮਿਆਂ ਵਿੱਚ ਕਿਰਤ ਅਮਲ ਵਿੱਚ ਲੱਗੇ ਲੋਕਾਂ ਦਾ ਮਾਨਸਿਕ ਸਰੀਰਕ ਥਕੇਵਾਂ ਲਾਹੁਣ ਦਾ ਢੰਗ ਬਣਦੀਆਂ ਸਨ, ਪਰ ਮਸ਼ੀਨੀਕਰਨ ਦੇ ਯੁੱਗ ਵਿੱਚ ਮਨੁੱਖ ਦੀ ਇਹ ਸਰਗਰਮੀ ਸੀਮਤ ਹੁੰਦੀ ਗਈ, ਖਾਸ ਕਰ ਕੇ ਵਿਕਸਤ ਪੂੰਜੀਵਾਦੀ ਸਮਾਜਾਂ ਅੰਦਰ ਇਹ ਬਹੁਤ ਹੱਦ ਤੱਕ ਰੂਪ ਬਦਲ ਚੁੱਕੀ ਹੈ।

ਪੇਸ਼ਾਵਰ ਖਿਡਾਰੀ ਪੈਦਾ ਕਰਨ ਦੀ ਪਹੁੰਚ ਇੱਥੋਂ ਤੱਕ ਪੁੱਜ ਗਈ ਹੈ ਕਿ ਪੈਦਾਵਾਰੀ ਕਿਰਤ ਸਰਗਰਮੀਆਂ ਨਾਲੋਂ ਖੇਡਾਂ ਦਾ ਮੁਕੰਮਲ ਤੋੜ ਵਿਛੋੜਾ ਕਰ ਦਿੱਤਾ ਗਿਆ ਹੈ। ਬੱਚਿਆਂ ਨੂੰ ਸਿਰਫ ਪੇਸ਼ਾਵਰ ਖਿਡਾਰੀਆਂ ਵਜੋਂ ਤਿਆਰ ਕਰਨ ਦੀ ਪਹੁੰਚ ਸਵਾਲ ਅਧੀਨ ਹੈ ਕਿ ਸਿਰਫ ਖੇਡਣਾ ਹੀ ਕਿੰਨੀ ਕੁ ਸਾਰਥਕ ਜੀਵਨ ਸਰਗਰਮੀ ਹੈ। ਖੇਤਾਂ, ਫੈਕਟਰੀਆਂ, ਖਾਣਾ ਤੇ ਜੰਗਲਾਂ ਵਿੱਚ ਕੰਮ ਕਰਦੇ ਕਰੋੜਾਂ ਮਜ਼ਦੂਰਾਂ ਕਿਸਾਨਾਂ ਤੇ ਉਨ੍ਹਾਂ ਦੇ ਬੱਚਿਆਂ ਦਾ ਇਨ੍ਹਾਂ ਖੇਡਾਂ ਨਾਲ ਕੀ ਰਿਸ਼ਤਾ ਬਚਿਆ ਹੈ। ਖੇਡਾਂ ਨੂੰ ਕੈਰੀਅਰ ਬਣਾਉਣ ਦੇ ਇੱਕ ਢੰਗ ਵਜੋਂ ਲਿਆ ਜਾ ਰਿਹਾ ਹੈ ਕਿ ਜਿਸ ਅੰਦਰ ਕੁਝ ਸਾਲਾਂ ਦੇ ਸਫਰ ਨਾਲ ਕਰੋੜਾਂ ਅਰਬਾਂ ਕਮਾ ਲਏ ਜਾਣਗੇ ਤੇ ਫਿਰ ਉਮਰ ਭਰ ਬਿਨਾਂ ਕੁਝ ਕੀਤੇ ਐਸ਼ ਵਾਲੀ ਜ਼ਿੰਦਗੀ ਗੁਜ਼ਾਰੀ ਜਾ ਸਕੇਗੀ। ਖਿਡਾਰੀ ਦੀ ਹਾਲਤ ਵੀ ਇਹ ਹੁੰਦੀ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਵਿੱਚ ਕੁਝ ਵੀ ਸਿੱਖਣ ਦੇ ਬਿਹਤਰ ਸਾਲ ਖੇਡ ਦੇ ਲੇਖੇ ਲਾਏ ਹੁੰਦੇ ਹਨ ਤੇ ਉਸ ਮਗਰੋਂ ਉਹ ਹੋਰ ਕੋਈ ਕਿੱਤਾ ਕਰਨ ਦੀ ਹਾਲਤ ਵਿੱਚ ਨਹੀਂ ਹੁੰਦਾ। ਖੇਡ ਮੁਕਾਬਲਿਆਂ ਦੀ ਇਹ ਪਹੁੰਚ ਖੇਡਾਂ ਦੇ ਮੰਤਵ ਨੂੰ ਸਿਰ ਪਰਨੇ ਖੜ੍ਹੇ ਕਰਦੀ ਹੈ। ਜਮਾਤੀ ਵੰਡਾਂ ਵਾਲੇ ਸਮਾਜ ਅੰਦਰ ਲੋਕ ਦੋਖੀ ਨਿਜ਼ਾਮ ਹੇਠ ਅਜਿਹਾ ਕੁਝ ਹੀ ਵਾਪਰ ਸਕਦਾ ਹੈ। ਕੋਈ ਵੀ ਵਿਕਸਤ ਮਨੁੱਖੀ ਸਮਾਜ ਅਜਿਹੇ ਖੇਡ ਜਗਤ ਦੀ ਉਸਾਰੀ ਕਿਉਂ ਕਰੇਗਾ ਜਿੱਥੇ ਕੁਝ ਲੋਕਾਂ ਨੇ ਸਿਰਫ ਤੇ ਸਿਰਫ ਖੇਡਣਾ ਹੈ ਤੇ ਬਾਕੀ ਦੇ ਸਮਾਜ ਨੇ ਦਰਸ਼ਕਾਂ ਵਜੋਂ ਸਕਰੀਨ ਉੱਤੇ ਉਸ ਨੂੰ ਦੇਖਣਾ ਹੈ। ਇਹ ਰਾਜਿਆਂ-ਮਹਾਰਾਜਿਆਂ ਦੇ ਵੇਲਿਆਂ ਵਿੱਚ ਸੰਭਵ ਸੀ, ਜਦੋਂ ਖਿਡਾਰੀ ਰਾਜਿਆਂ ਦੇ ਮਨੋਰੰਜਨ ਲਈ ਹੀ ਪਾਲੇ ਜਾਂਦੇ ਸਨ।

ਸਮਾਜਕ ਵਿਕਾਸ ਦੇ ਮੌਜੂਦਾ ਪੱਧਰ ਉੱਤੇ ਪਹੁੰਚ ਕੇ ਖੇਡਾਂ ਇਸ ਸਮਾਜ ਅੰਦਰ ਸਿਹਤਮੰਦ ਤੇ ਉਸਾਰੂ ਰੁਚੀਆਂ ਦੇ ਸੰਚਾਰ ਦਾ ਢੰਗ ਤਦੇ ਬਣ ਸਕਦੀਆਂ ਹਨ, ਜੋ ਉਹ ਗੂੜ੍ਹੀ ਤਰ੍ਹਾਂ ਕਿਰਤੀ ਜਨ ਸਮੂਹਾਂ ਦੇ ਪੈਦਾਵਾਰੀ ਕਿਰਤ ਅਮਲ ਨਾਲ ਗੁੰਦੀਆਂ ਹੋਈਆਂ ਹੋਣ। ਕਿਰਤ ਅਮਲ ਦੌਰਾਨ ਹਕੀਕੀ ਤੌਰ ਉੱਤੇ ਉਨ੍ਹਾਂ ਪ੍ਰਕਿਰਿਆ ਵਿੱਚੋਂ ਗੁਜ਼ਰਦੇ ਲੋਕਾਂ ਅੰਦਰ ਮੌਜੂਦ ਪ੍ਰਤਿਭਾ ਨੂੰ ਖਿੜਨ ਦਾ ਮੌਕਾ ਮਿਲੇ। ਉਨ੍ਹਾਂ ਕਰੋੜਾਂ ਲੋਕਾਂ ਨੂੰ ਆਪਣੇ ਕਿਰਤ ਅਮਲ ਤੋਂ ਖੇਡ ਸਰਗਰਮੀ ਲਈ ਸਮਾਂ ਮਿਲੇ ਜਿਹੜਾ ਉਨ੍ਹਾਂ ਨੂੰ ਮਾਨਸਿਕ ਤੇ ਸਰੀਰਕ ਥਕੇਵਾਂ ਲਾਹੁਣ ਤੇ ਮਾਨਸਿਕ ਪੱਖੋਂ ਤ੍ਰਿਪਤ ਕਰਨ ਦਾ ਢੰਗ ਬਣੇ। ਉਹ ਸਿਰਫ ਟੀ ਵੀ ਵਾਲੇ ਖੇਡ ਦਰਸ਼ਕ ਨਾ ਹੋਣ, ਖੇਡਾਂ ਵਿੱਚ ਹਿੱਸੇਦਾਰ ਹੋਣ, ਸਥਾਨਕ ਪੱਧਰਾਂ ਤੇ ਪਿੰਡਾਂ ਕਸਬਿਆਂ ਦੇ ਪੱਧਰਾਂ ਉੱਤੇ ਲੋਕਾਂ ਦੀ ਸ਼ਮੂਲੀਅਤ ਵਾਲੀ ਖੇਡ ਮੁਕਾਬਲੇ ਹੀ ਮਨੁੱਖੀ ਸਮਾਜ ਅੰਦਰ ਖੇਡਾਂ ਦੀ ਸਾਰਥਕ ਵਰਤੋਂ ਦਾ ਢੰਗ ਹੋ ਸਕਦੇ ਹਨ। ਇੱਕ ਦੂਜੇ ਨਾਲ ਕਿੱਤਿਆਂ ਦੀ ਸਾਂਝ ਵਾਲੇ ਭਾਈਚਾਰਕ ਸਮਾਜਕ ਸਮੂਹਾਂ ਵਿੱਚ ਬੱਝੇ ਲੋਕਾਂ ਦੇ ਆਪਸੀ ਮੁਕਾਬਲੇ ਲੋਕਾਂ ਅੰਦਰ ਕਿਤੇ ਵਧੇਰੇ ਜਿਊਂਦਾ ਜਾਗਦਾ ਅਹਿਸਾਸ ਛੱਡਦੇ ਹਨ। ਕਿਸੇ ਕੌਮ/ ਸਮਾਜ ਦੇ ਸਮੂਹ ਕਿਰਤੀ ਲੋਕਾਂ ਦੇ ਖੇਡਾਂ ਤੋਂ ਵਿਰਵੇ ਹੋਣ ਦੀ ਕੀਮਤ ਉੱਤੇ ਕੌਮਾਂਤਰੀ ਮੁਕਾਬਲਿਆਂ ਅੰਦਰ ਕੀਤਾ ਕਿਸੇ ਪੇਸ਼ਾਵਰ ਖਿਡਾਰੀ ਵਜੋਂ ਕੀਤਾ ਸ਼ਾਨਦਾਰ ਪ੍ਰਦਰਸ਼ਨ ਵੀ ਮਨੁੱਖੀ ਜੀਵਨ ਅੰਦਰ ਖੇਡਾਂ ਦੀ ਸਾਰਥਕਤਾ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਰਹੇਗਾ।

ਇਹ ਸਵਾਲ ਗੈਰ ਵਾਜਬ ਨਹੀਂ ਕਿ ਕਿਸੇ ਦੇਸ਼ ਨੇ ਜੇ ਸਮੁੱਚੀ ਕਿਰਤੀ ਲੋਕਾਈ ਨੂੰ ਖੇਡਾਂ ਰਾਹੀਂ ਵਧੇਰੇ ਉਸਾਰੂ ਮਾਹੌਲ ਦੇਣਾ ਹੈ ਤਾਂ ਲਾਜ਼ਮੀ ਨਹੀਂ ਕਿ ਉਥੋਂ ਓਦਾਂ ਦੇ ਵਿਕਸਤ ਪੇਸ਼ਾਵਰ ਖਿਡਾਰੀ ਪੈਦਾ ਕੀਤੇ ਜਾ ਸਕਣ, ਜਿੱਦਾਂ ਦੇ ਕਿਸੇ ਪੂੰਜੀਵਾਦੀ ਨਿਜ਼ਾਮ ਹੇਠ ਬਾਕੀ ਲੋਕਾਂ ਦੀ ਕੀਮਤ ਉੱਤੇ ਵਿਕਸਤ ਹੋਏ ਪੇਸ਼ਾਵਰ ਖਿਡਾਰੀ ਹੋ ਸਕਦੇ ਹਨ। ਕਿਸੇ ਵਿਕਸਿਤ ਸਮਾਜ ਵਿੱਚ ਖੇਡ ਸਰਗਰਮੀ ਦੀ ਸਾਰਥਕਤਾ ਦਾ ਪੈਮਾਨਾ ਦੇਸ਼ ਦੇ ਸਮੁੱਚੇ ਜਨਜੀਵਨ ਅੰਦਰ ਲੋਕਾਂ ਨੂੰ ਖੇਡਾਂ ਲਈ ਮਿਲਦੇ ਸਮੇਂ ਅਤੇ ਖੇਡ ਗਤੀਵਿਧੀ ਰਾਹੀਂ ਕਿਰਤੀ ਵਸੋਂ ਦੀ ਊਰਜਾ ਨਵਿਆਉਣ ਵਿੱਚ ਨਿਭਾਈ ਜਾਂਦੀ ਭੂਮਿਕਾ ਦੇ ਨਜ਼ਰੀਏ ਨਾਲ ਬਣਾਉਣਾ ਹੋਵੇਗਾ। ਕੌਮਾਂਤਰੀ ਪੱਧਰ ਉੱਤੇ ਜਿੱਤੀਆਂ ਜਾਂਦੀਆਂ ਜਿੱਤਾਂ ਵੀ ਇਸੇ ਸਾਰਥਿਕਤਾ ਦਾ ਹਕੀਕੀ ਰੰਗ ਹੋਣਗੀਆਂ। ਡਾਲਰਾਂ ਨਾਲ ਤੁਲਦੇ ਖਿਡਾਰੀ ਕਿਸੇ ਦੇਸ਼ ਦੇ ਸਮਾਜਕ ਜੀਵਨ ਵਿੱਚ ਖੇਡਾਂ ਦੀ ਸਾਰਥਿਕ ਭੂਮਿਕਾ ਦੀ ਗਵਾਹੀ ਨਹੀਂ ਦਿੰਦੇ, ਇਹ ਮਨੁੱਖੀ ਸਮਾਜਕ ਜ਼ਿੰਦਗੀ ਵਿੱਚ ਖੇਡਾਂ ਦੀ ਲਾਹੇਵੰਦ ਵਰਤੋਂ ਨਾ ਕਰ ਸਕਣ ਦਾ ਸਬੂਤ ਹਨ। ਖੇਡ ਗਤੀਵਿਧੀ ਨੂੰ ਸਮਾਜ ਖਾਤਰ ਸਹੀ ਅਰਥਾਂ ਵਿੱਚ ਲਾਹੇਵੰਦ ਬਣਾਉਣ ਲਈ ਅਜੇ ਬਹੁਤ ਕੁਝ ਸੋਚਣਾ ਅਤੇ ਕਰਨਾ ਬਾਕੀ ਹੈ।

### ਹਲਕਾ ਫੁਲਕਾ

ਕੁਸ਼ਤੀ ਹੋ ਰਹੀ ਸੀ। ਇੱਕ ਸਾਹਿਬ ਜ਼ੋਰਾਂ ਨਾਲ ਚੀਕ ਰਿਹਾ ਸੀ, ''ਸ਼ਾਬਾਸ਼ ਤੋੜ ਦਿਓ ਇਸ ਦੇ ਦੰਦ। ਮਾਰੋ, ਇੱਕ ਹੱਥ ਜਬਾੜੇ ਉੱਤੇ।''
ਉਸ ਕੋਲ ਬੈਠੇ ਇੱਕ ਵਿਅਕਤੀ ਤੋਂ ਰਿਹਾ ਨਾ ਗਿਆ ਤੇ ਪੁੱਛ ਬੈਠਾ, ''ਕੀ ਤੁਸੀਂ ਵੀ ਪਹਿਲਵਾਨ ਹੋ?''
ਚੀਕਣ ਵਾਲੇ ਨੇ ਕਿਹਾ, ''ਨਹੀਂ, ਮੈਂ ਤਾਂ ਦੰਦਾਂ ਦਾ ਡਾਕਟਰ ਹਾਂ।''

*********

ਇੱਕ ਸੇਠ ਆਪਣੇ ਘਰ ਦੇ ਨੇੜੇ ਵਾਲੀ ਦੁਕਾਨ ਉੱਤੇ ਜਾ ਕੇ ਬੋਲਿਆ, ''ਜਦੋਂ ਵੀ ਮੇਰਾ ਨੌਕਰ ਕੋਈ ਸਾਮਾਨ ਲੈਣ ਆਉਂਦਾ ਹੈ ਤਾਂ ਤੁਸੀਂ ਉਸ ਨਾਲ ਇੱਜ਼ਤ ਨਾਲ ਪੇਸ਼ ਨਹੀਂ ਆਉਂਦੇ।''
ਦੁਕਾਨਦਾਰ ਨੇ ਹੱਥ ਜੋੜ ਕੇ ਕਿਹਾ, ''ਮੁਆਫ ਕਰੋ ਸੇਠ ਜੀ, ਤੁਹਾਨੂੰ ਸ਼ਿਕਾਇਤ ਨਹੀਂ ਹੋਵੇਗੀ। ਤੁਹਾਡਾ ਕੁੱਤਾ ਵੀ ਜੇ ਸਾਡੀ ਦੁਕਾਨ ਉੱਤੇ ਆਵੇਗਾ ਤਾਂ ਮੈਂ ਸਮਝਾਂਗਾ ਕਿ ਤੁਸੀਂ ਆਏ ਹੋ?''

*********

ਮਿਊਜ਼ੀਅਮ ਵਿੱਚ ਤੈਮੂਰਲੰਗ ਦੀ ਖੋਪੜੀ ਦੀ ਨੀਲਾਮ ਹੋਈ ਸੀ। ਇੱਕ ਆਦਮੀ ਨੇ ਵੱਡੀ ਬੋਲੀ ਲਾ ਕੇ ਖੋਪੜੀ ਖਰੀਦ ਲਈ। ਫਿਰ ਘਬਰਾ ਕੇ ਬੋਲਿਆ, ''ਇਹ ਬਹੁਤ ਵੱਡੀ ਹੈ। ਮੈਂ ਕਿਵੇਂ ਲੈ ਕੇ ਜਾਵਾਂਗਾ।''
ਜਵਾਬ ਮਿਲਿਆ, ''ਇਹ ਛੋਟੀ ਵਾਲੀ ਲੈ ਜਾਓ।''
ਆਦਮੀ ਨੇ ਕਿਹਾ, ''ਇੱਕ ਆਦਮੀ ਦੀਆਂ ਦੋ-ਦੋ ਖੋਪੜ੍ਹੀਆਂ?''
ਜਵਾਬ ਮਿਲਿਆ, ''ਇਹ ਉਸ ਦੇ ਬਚਪਨ ਦੀ ਹੈ ਤੇ ਇੱਕ ਜਵਾਨੀ ਦੀ।''

## ਸੁਫਨੇ ਉਹ ਜੋ ਸੌਣ ਨਾ ਦੇਣ

-ਗੋਰਵਧਨ ਗੱਬੀ

ਸਿਆਣੇ ਕਹਿੰਦੇ ਹਨ ਕਿ ਸੁਫਨੇ ਉਹ ਨਹੀਂ ਹੁੰਦੇ, ਜੋ ਤੁਸੀਂ ਸੁੱਤੇ ਹੋਏ ਦੇਖ ਲੈਂਦੇ ਹੋ, ਸਗੋਂ ਉਹ ਹੁੰਦੇ ਹਨ, ਜੋ ਤੁਹਾਨੂੰ ਸੌਣ ਨਹੀਂ ਦਿੰਦੇ। ਜੋ ਤੁਹਾਨੂੰ ਸੁੱਤਿਆਂ ਵੀ ਜਗਾਈ ਰੱਖਦੇ ਹਨ। ਬੇਚੈਨ ਕਰੀ ਰੱਖਦੇ ਹਨ। ਘੜੀ ਦੀ ਸੂਈ ਵਾਂਗ ਲਗਾਤਾਰ ਟਿਕਟਿਕੀ ਚਲਾਈ ਰੱਖਦੇ ਹਨ। ਤੁਹਾਡੇ ਦਿਲ ਤੇ ਜ਼ਿਹਨ ਵਿੱਚ ਲਗਾਤਾਰ ਜੋਸ਼ ਦੀ ਅੱਗ ਮਚਾਈ ਰੱਖਦੇ ਹਨ। ਮਹਾਭਾਰਤ ਦੇ ਅਰਜੁਨ ਵਾਂਗ ਨਜ਼ਰ ਨੂੰ ਮੱਛੀ ਦੀ ਅੱਖ ਉਤੇ ਟਿਕਾਈ ਰੱਖਣ ਵਾਸਤੇ ਮਜਬੂਰ ਕਰਦੇ ਹਨ। ਸੁਫਨੇ ਦੇਖਣਾ ਹਰ ਮਨੁੱਖ ਦਾ ਬੁਨਿਆਦੀ ਤੇ ਜਮਾਂਦਰੂ ਹੱਕ ਹੈ। ਹੋਣਾ ਵੀ ਚਾਹੀਦਾ ਹੈ। ਇਹ ਵੀ ਸੱਚ ਹੈ ਕਿ ਸੁਫਨੇ ਉਨ੍ਹਾਂ ਦੇ ਸੱਚ ਹੁੰਦੇ ਹਨ, ਜੋ ਮੰਜ਼ਿਲ ਉੱਤੇ ਪਹੁੰਚਣ ਲਈ ਆਪਣੇ ਵੱਲੋਂ ਸੌ ਫੀਸਦੀ ਤੋਂ ਵੱਧ ਮਿਹਨਤ ਤੇ ਕੋਸ਼ਿਸ਼ ਕਰਦੇ ਹਨ। ਕਿਹਾ ਇਹ ਵੀ ਜਾਂਦਾ ਹੈ ਕਿ ਕੋਸ਼ਿਸ਼ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ। ਤਦ ਤੱਕ ਪਿੱਛੇ ਨਾ ਹਟੋ, ਜਦ ਤੱਕ ਜਿੱਤ ਫੁੱਲਾਂ ਦਾ ਹਾਰ ਬਣ ਕੇ ਤੁਹਾਡੇ ਗਲ ਵਿੱਚ ਨਹੀਂ ਪੈ ਜਾਂਦੀ। ਜ਼ਿੰਦਗੀ ਜਿਊਣ ਦੇ ਲਈ ਮਨੁੱਖ ਨੂੰ ਸੁਫਨੇ ਦੇਖਣੇ ਬਹੁਤ ਜ਼ਰੂਰੀ ਹਨ, ਪਰ ਯਾਦ ਰੱਖੋ ਕਿ ਜਿੰਨੇ ਵੱਡੇ ਸੁਫਨੇ ਹੋਣਗੇ, ਓਨੀਆਂ ਹੀ ਵੱਡੀਆਂ ਸਮੱਸਿਆਵਾਂ ਤੇ ਅੜਿੱਕੇ ਤੁਹਾਨੂੰ ਪੇਸ਼ ਆਉਣਗੇ। ਉਨ੍ਹਾਂ ਦਾ ਸਾਹਮਣਾ ਕਰਨਾ ਅਤੇ ਉਨ੍ਹਾਂ ਉੱਤੇ ਜਿੱਤ ਪ੍ਰਾਪਤ ਕਰਨਾ ਤੁਹਾਡਾ ਟੀਚਾ ਹੋਣਾ ਚਾਹੀਦਾ ਹੈ, ਜਿਸ ਲਈ ਨਿਰੰਤਰ ਮਿਹਨਤ ਤੇ ਕੋਸ਼ਿਸ਼ ਕਰਨੀ ਜ਼ਰੂਰੀ ਹੁੰਦੀ ਹੈ। ਜੇ ਆਪਣੇ ਹਰ ਸੁਫਨੇ ਨੂੰ ਆਪਣੀ ਜ਼ਰੂਰਤ ਬਣਾਓਗੇ ਤਾਂ ਫਿਰ ਦੇਖਣਾ ਕਿ ਸੁਫਨੇ ਕਿੰਝ ਪੂਰੇ ਹੁੰਦੇ ਹਨ। ਛੋਟੇ ਸੁਫਨੇ ਦੇਖਣ ਵਾਲਾ ਵਿਅਕਤੀ ਕਦੇ ਵੀ ਬਿਹਤਰੀਨ ਜੀਨ ਨਹੀਂ ਗੁਜ਼ਾਰ ਪਾਉਂਦਾ।

ਵੈਸੇ ਵੀ ਅੱਜ ਦਾ ਜ਼ਮਾਨਾ ਚਾਦਰ ਦੇਖ ਕੇ ਪੈਰ ਪਸਾਰਨ ਵਾਲਾ ਨਹੀਂ, ਆਪਣੇ ਕੱਦ ਤੇ ਲੋੜ ਅਨੁਸਾਰ ਚਾਦਰ ਦਾ ਪ੍ਰਬੰਧ ਕਰਨ ਦਾ ਹੈ ਤਾਂ ਕਿ ਤੁਸੀਂ ਮਨਮਰਜ਼ੀ ਦੀ ਤੇ ਪੂਰੀ ਨੀਂਦ ਦਾ ਆਨੰਦ ਲੈ ਸਕੋ। ਜੇ ਇਰਾਦੇ ਨੇਕ ਅਤੇ ਹੌਸਲੇ ਬੁਲੰਦ ਹੋਣ ਤਾਂ ਦੁਨੀਆ ਦੀ ਕੋਈ ਤਾਕਤ ਤੁਹਾਨੂੰ ਆਪਣੇ ਸੁਫਨੇ ਪੂਰੇ ਕਰਨ ਤੋਂ ਰੋਕ ਨਹੀਂ ਸਕੇਗੀ। ਜੇ ਤੁਹਾਡੇ ਅੰਦਰ ਸੁਫਨੇ ਨੂੰ ਸੱਚ ਕਰਨ ਦੀ ਤਾਕਤ ਹੈ ਤਾਂ ਤੁਹਾਡਾ ਸੁਫਨੇ ਦੇਖਣਾ ਬਿਲਕੁਲ ਠੀਕ ਹੈ। ਸਵੈ-ਵਿਸ਼ਵਾਸ ਰੱਖੋ ਤਾਂ ਤੁਹਾਡੇ ਸੁਫਨਿਆਂ ਦਾ ਸਾਕਾਰ ਹੋਣਾ ਯਕੀਨੀ ਹੈ। ਯਾਦ ਰੱਖੋ ਕਿ ਕੋਈ ਵੀ ਸੁਫਨਾ ਜਾਦੂ ਜਾਂ ਮੰਤਰ ਨਾਲ ਹਕੀਕਤ ਨਹੀਂ ਬਣਦਾ ਸਗੋਂ ਇਸ ਵਾਸਤੇ ਕਠਿਨ ਸੰਘਰਸ਼ ਤੇ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ। ਜੇ ਤੁਹਾਡੇ ਸੁਫਨੇ ਵਾਰ-ਵਾਰ ਟੁੱਟ ਰਹੇ ਹਨ ਤਾਂ ਇਸ ਦਾ ਸਿੱਧਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਤੁਹਾਡੇ ਯਤਨਾਂ ਵਿੱਚ ਕਿਤੇ ਨਾ ਕਿਤੇ ਕੋਈ ਘਾਟ ਹੈ। ਕੁਝ ਹੈ, ਜੋ ਤੁਸੀਂ ਅਜੇ ਪੂਰਾ ਕਰਨਾ ਹੈ। ਸੁਫਨੇ ਬੱਚੇ ਦੀ ਕਲਪਨਾ ਵਰਗੇ ਹੁੰਦੇ ਹਨ, ਜੋ ਸਿਰਜਣਾਤਮਕ ਤੇ ਅਜੀਬ ਸੰਭਾਵਨਾਵਾਂ ਨਾਲ ਭਰੇ ਹੁੰਦੇ ਹਨ। ਉਹ ਸਾਡੀਆਂ ਪਦਾਰਥਕ ਸੰਸਾਰ ਦੀਆਂ ਸਰੀਰਕ ਸੀਮਾਵਾਂ ਤੋਂ ਪਰ੍ਹਾਂ ਚਲੇ ਜਾਂਦੇ ਹਨ। ਸਿਆਣੇ ਕਹਿੰਦੇ ਹਨ ਕਿ ਜੇ ਤੁਸੀਂ ਸਾਗਰ ਪਾਰ ਕਰਨ ਦਾ ਸੁਫਨ ਵੇਖ ਰਹੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਉਸ ਦੇ ਕੰਢਿਆਂ ਦੀਆਂ ਹੱਦਾਂ ਦੇਖਣਾ ਬੰਦ ਕਰ ਦਿਓ। ਆਪਣਾ ਸਫਰ ਊਰਜਾ ਭਰੇ ਅੰਦਾਜ਼ ਨਾਲ ਸ਼ੁਰੂ ਕਰੋ, ਤਦ ਹੀ ਤੁਸੀਂ ਸਮਾਂ ਪਾ ਕੇ ਸਾਗਰ ਨੂੰ ਸਰ ਕਰ ਪਾਓਗੇ। ਜੇ ਤੁਸੀਂ ਉਹ ਸਾਰਾ ਕੁਝ ਪ੍ਰਾਪਤ ਕਰਨ ਦਾ ਸੁਫਨਾ ਦੇਖ ਰਹੇ ਹੋ, ਜੋ ਤੁਸੀਂ ਕਦੇ ਨਹੀਂ ਕਰ ਪਾਏ ਤਾਂ ਤੁਹਾਨੂੰ ਉਸ ਤਰ੍ਹਾਂ ਦਾ ਯਤਨ ਕਰਨਾ ਪਵੇਗਾ, ਜੋ ਤੁਸੀਂ ਪਹਿਲਾਂ ਕਦੇ ਨਹੀਂ ਕੀਤਾ। ਸੁਫਨੇ ਅਤੇ ਹਕੀਕਤ ਦੇ ਵਿਚਕਾਰ ਇੱਕ ਅਹਿਮ ਦੂਰੀ ਹੁੰਦੀ ਹੈ, ਜਿਸ ਨੂੰ ਮਿਟਾਉਣ ਵਾਸਤੇ ਤੁਹਾਨੂੰ ਤਨਦੇਹੀ ਨਾਲ ਮਿਹਨਤ ਕਰਨੀ ਪੈਂਦੀ ਹੈ।

ਆਪਣੀ ਮੰਜ਼ਿਲ ਉੱਤੇ ਪਹੁੰਚਣ ਲਈ ਹਮੇਸ਼ਾ ਆਪਣੇ-ਆਪ ਨੂੰ ਸਵਾਲ ਕਰੋ ਕਿ ਤੁਸੀਂ ਕੱਲ੍ਹ ਕਿੱਥੇ ਸੀ, ਅੱਜ ਕਿੱਥੇ ਹੋ ਅਤੇ ਕੱਲ੍ਹ ਨੂੰ ਕਿੱਥੇ ਹੋਵੋਗੇ? ਸਾਰੇ ਸੁਫਨੇ ਸੱਚ ਸਾਬਤ ਹੋ ਸਕਦੇ ਹਨ ਬਸ਼ਰਤੇ ਆਪਣੇ ਸੁਫਨਿਆਂ ਨੂੰ ਪੂਰਾ ਕਰਨ ਲਈ ਸਾਡੇ ਅੰਦਰ ਸਾਹਸ ਲਬਾਲਬ ਭਰਿਆ ਹੋਵੇ। ਹਰ ਸੁਫਨੇ ਦੇ ਸਾਕਾਰ ਹੋਣ ਦੀ ਸ਼ੁਰੂਆਤ ਉਸ ਤੋਂ ਹੀ ਹੁੰਦੀ ਹੈ, ਜੋ ਉਸ ਨੂੰ ਦੇਖਦਾ ਹੈ। ਹਮੇਸ਼ਾ ਯਾਦ ਰੱਖੋ ਕਿ ਸਾਡੇ ਸਾਰਿਆਂ ਅੰਦਰ ਉਹ ਤਾਕਤ, ਸਹਿਣ-ਸ਼ਕਤੀ ਤੇ ਜਜ਼ਬਾ ਹੈ, ਜੋ ਸਿਤਾਰਿਆਂ ਨੂੰ ਛੂਹ ਸਕਦਾ ਹੈ। ਦੁਨੀਆ ਬਦਲ ਸਕਦਾ ਹੈ ਬਸ਼ਰਤੇ ਕਿ ਇਨ੍ਹਾਂ ਸਾਰਿਆਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਸਾਡੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਮਰਹੂਮ ਏ ਪੀ ਜੇ ਅਬਦੁਲ ਕਲਾਮ ਦੇ ਕਥਨ ਹਨ ਕਿ ਸੁਫਨੇ ਤਦ ਸੱਚ ਹੁੰਦੇ ਹਨ ਜੇ ਉਨ੍ਹਾਂ ਨੂੰ ਪਹਿਲਾਂ ਦੇਖਿਆ ਹੋਵੇ। ਦੇਸ਼ ਦੀ ਆਜ਼ਾਦੀ ਲਈ ਸਖਤ ਘਾਲਣਾ ਘਾਲਣ ਵਾਲੇ ਆਜ਼ਾਦੀ ਘੁਲਾਟੀਆਂ ਬਾਰੇ ਸੋਚੋ ਜਿਨ੍ਹਾਂ ਨੇ ਪਹਿਲਾਂ ਦੇਸ਼ ਨੂੰ ਆਜ਼ਾਦ ਕਰਾਉਣ ਦਾ ਸੁਫਨਾ ਵੇਖਿਆ ਤੇ ਫਿਰ ਲਗਭਗ ਸੌ ਸਾਲ ਦੇ ਕਰੜੇ ਸੰਘਰਸ਼ ਤੇ ਕੁਰਬਾਨੀਆਂ ਤੋਂ ਬਾਅਦ ਉਨ੍ਹਾਂ ਦਾ ਸੁਫਨਾ ਹਕੀਕਤ ਬਣਿਆ। ਉਨ੍ਹਾਂ ਦੇ ਸੰਘਰਸ਼ ਸਦਕਾ ਅਸੀਂ ਸਾਰੇ ਆਜ਼ਾਦੀ ਦਾ ਆਨੰਦ ਮਾਣਦੇ ਹਾਂ।

ਜੇ ਰਾਈਟ ਨਾਮਕ ਭਰਾਵਾਂ ਨੇ ਪੰਛੀਆਂ ਵਾਂਗ ਉਡਣ ਦਾ ਸੁਫਨਾ ਵੇਖਿਆ ਹੁੰਦਾ ਤਾਂ ਉਹ ਕਦੇ ਵੀ ਜਹਾਜ਼ ਬਣਾਉਣ ਦੀ ਕੋਸ਼ਿਸ਼ ਨਾ ਕਰਦੇ। ਉਨ੍ਹਾਂ ਨੇ ਸੁਫਨਾ ਵੇਖਿਆ, ਜੋ ਸਿਰੜ ਨਾਲ ਪੂਰਾ ਕੀਤਾ, ਜਿਸ ਨਾਲ ਅੱਜ ਅਸੀਂ ਜਹਾਜ਼ ਦੇ ਸਫਰ ਦਾ ਆਨੰਦ ਮਾਣਦੇ ਹਾਂ। ਥਾਮਸ ਐਡੀਸਨ ਨੇ ਹਨੇਰੇ ਤੋਂ ਛੁਟਕਾਰਾ ਪਾਉਣ ਲਈ ਜੇ ਬਿਜਲੀ ਨਾਲ ਚੱਲਣ ਵਾਲੇ ਬੱਲਬ ਦਾ ਸੁਫਨਾ ਨਾ ਵੇਖਿਆ ਹੁੰਦਾ ਤਾਂ ਮਨੁੱਖ ਅੱਜ ਵੀ ਤੇਲ ਦੇ ਦੀਵੇ ਬਾਲਦਾ ਹੁੰਦਾ। ਉਸ ਨੇ ਲਗਾਤਾਰ ਮਿਹਨਤ ਤੇ ਕੋਸ਼ਿਸ਼ ਕੀਤੀ ਤੇ ਉਹ ਬੱਲਬ ਬਣਾਉਣ ਵਿੱਚ ਕਾਮਯਾਬ ਹੋ ਗਿਆ। ਜੇ ਗਰਾਹਮ ਬੈਲ ਨੇ ਟੈਲੀਫੋਨ ਦੀ ਬੈਲ ਮਤਲਬ ਘੰਟੀ ਵਜਾਉਣ ਦਾ ਸੁਫਨਾ ਨਾ ਵੇਖਿਆ ਹੁੰਦਾ ਤਾਂ ਅੱਜ ਅਸੀਂ ਮੋਬਾਈਲ ਫੋਨ ਰਾਹੀਂ ਜੋ ਦੂਰਸੰਚਾਰ ਦੇ ਆਨੰਦ ਮਾਣ ਰਹੇ ਹਾਂ, ਉਹ ਕਦੇ ਵੀ ਮੁਮਕਿਨ ਨਹੀਂ ਹੋਣੇ ਸਨ। ਜੇ ਕਿਸੇ ਨੇ ਟੈਲੀਫੋਨ ਤੇ ਸਿਨੇਮਾ ਦਾ ਸੁਫਨਾ ਨਾ ਵੇਖਿਆ ਹੁੰਦਾ ਤਾਂ ਅਸੀਂ ਅੱਜ ਵੀ ਮਨਪ੍ਰਚਾਵੇ ਦੇ ਪੁਰਾਤਨ ਤੌਰ-ਤਰੀਕਿਆਂ ਉੱਤੇ ਟੇਕ ਰੱਖਦੇ ਹੋਏ ਮਨ ਪਰਚਾ ਰਹੇ ਹੁੰਦੇ।

ਸੁਫਨੇ ਪੂਰੇ ਕਰਨ ਦਾ ਸਭ ਤੋਂ ਪਹਿਲਾਂ ਕਦਮ ਹੁੰਦਾ ਹੈ ਜਾਗਣਾ। ਮਹਾਨ ਸੁਫਨੇ ਦੇਖਣ ਵਾਲਿਆਂ ਦੇ ਮਹਾਨ ਸੁਫਨੇ ਹਮੇਸ਼ਾ ਹਕੀਕੀ ਰੂਪ ਧਾਰਨ ਕਰਦੇ ਹਨ। ਹਰ ਵਿਅਕਤੀ ਨੂੰ ਹਮੇਸ਼ਾ ਆਪਣੀ ਜ਼ਿੰਦਗੀ ਇਸ ਤਰ੍ਹਾਂ ਜਿਊਣੀ ਚਾਹੀਦੀ ਹੈ ਤਾਂ ਕਿ ਉਸ ਦੇ ਦੇਖੇ ਸੁਫਨੇ ਸੱਚ ਹੋ ਜਾਣ। ਸੁਫਨੇ ਬਾਰੇ ਕਿਸੇ ਸ਼ਾਇਰ ਨੇ ਵੀ ਖੂਬ ਕਿਹਾ ਹੈ : ''ਵਸਾ ਕੇ ਹਰ ਸੁਫਨੇ ਨੂੰ ਆਪਣੇ ਸਾਹਾਂ ਵਿੱਚ ਰੱਖੋ, ਹਰ ਮੰਜ਼ਿਲ ਨੂੰ ਆਪਣੀਆਂ ਬਾਹਾਂ ਵਿੱਚ ਰੱਖੋ। ਹਰ ਜਿੱਤ ਤੁਹਾਡੀ ਝੋਲੀ ਆ ਡਿੱਗੇਗੀ ਬੱਸ, ਹਰ ਮੰਜ਼ਿਲ ਨੂੰ ਆਪਣੀਆਂ ਨਿਗਾਹਾਂ ਵਿੱਚ ਰੱਖੋ।'' ਆਮੀਨ!



## ਨਾਨਕ ਮਤਾ ਦੇ ਮੀਤ ਪ੍ਰਧਾਨ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਸਲ ਜਥੇਦਾਰ ਮੰਨਦਿਆਂ ਲਿਖਿਆ ਪੱਤਰ

**ਮਾਮਲਾ ਉਤਰਾਖੰਡ ਦੇ ਗੁਰਦੁਆਰੇ 'ਚ ਹੋਈ ਮਰਯਾਦਾ ਦੀ ਉਲੰਘਣਾ ਦਾ**

ਅੰਮ੍ਰਿਤਸਰ 16 ਅਗਸਤ (ਪੋਸਟ ਬਿਊਰੋ) ਉਤਰਾਖੰਡ ਦੇ ਗੁਰਦੁਆਰਾ ਨਾਨਕ ਮਤਾ ਸਾਹਿਬ 'ਚ ਹੋਈ ਮਰਯਾਦਾ ਦੀ ਉਲੰਘਣਾ ਦੇ ਮਾਮਲੇ 'ਚ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵੱਲੋਂ ਤਨਖ਼ਾਹੀਆ ਕਰਾਰ ਦਿੱਤੇ ਗਏ ਗੁ: ਨਾਨਕ ਮਤਾ ਪ੍ਰਬੰਧਕੀ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਜਸਵਿੰਦਰ ਸਿੰਘ ਗਿੱਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਸਲ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਮੰਨਦਿਆਂ ਉਸ ਨੂੰ ਇਕ ਪੱਤਰ ਲਿਖਿਆ ਹੈ। ਉਨ੍ਹਾਂ ਪੱਤਰ 'ਚ ਕਿਹਾ ਕਿ ਉਸ ਦਾ ਗੁ: ਨਾਨਕ ਮਤਾ ਸਾਹਿਬ ਵਿਖੇ ਹੋਈ ਮਰਯਾਦਾ ਉਲੰਘਣਾ ਦੇ ਮਾਮਲੇ ਵਾਲੇ ਸਮਾਗਮ ਵਿਚ ਕਿਸੇ ਤਰਾਂ ਦੀ ਕੋਈ ਸ਼ਮੂਲੀਅਤ ਨਹੀਂ ਸੀ, ਪ੍ਰੰਤੂ ਫਿਰ ਵੀ ਇਕ ਨਿਮਾਣੇ ਸਿੱਖ ਵਜੋਂ ਉਹ ਵੀ ਉਕਤ ਭੁੱਲ ਨੂੰ ਪ੍ਰਵਾਨ ਕਰਦਾ ਹੈ। ਉਨ੍ਹਾਂ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਅਪੀਲ ਕੀਤੀ ਕਿ ਉਕਤ ਮਾਮਲੇ 'ਚ ਜੋ ਵੀ ਸਿੰਘ ਸਾਹਿਬਾਨ ਦਾ ਹੁਕਮ ਹੋਵੇਗਾ ਉਸ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਜਾਵੇਗਾ। ਸ: ਗਿੱਲ ਨੇ ਕਿਹਾ ਕਿ ਉਨ੍ਹਾਂ ਨੇ 12 ਅਗਸਤ 2021 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੇ ਸਨਮੁੱਖ ਪੇਸ਼ ਹੋ ਕੇ ਆਪਣੀ ਭੁੱਲ ਬਖ਼ਸ਼ਾਈ ਹੈ। ਪ੍ਰੰਤੂ ਬਾਦਲਾਂ ਦੇ ਜਥੇਦਾਰ ਹਰਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਕੋਈ ਵੀ ਗਲ ਪ੍ਰਵਾਨ ਨਹੀਂ ਕਰ ਸਕਦਾ। ਉਨਾਂ ਭਾਈ ਹਵਾਰਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੈਨੂੰ ਛੇਵੇਂ ਪਾਤਸ਼ਾਹ ਜੀ ਦਾ ਹੁਕਮ ਹੈ, ਆਪ ਜੀ ਸਿੱਖ ਪੰਥ ਦੀ ਸ਼ਾਨ ਹੋ। ਪੰਥ ਨੇ ਸਰਬੱਤ ਖ਼ਾਲਸਾ ਰਾਹੀਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜਥੇਦਾਰ ਚੁਣਿਆ ਹੈ। ਆਪ ਜੀ ਅੱਗੇ ਮੇਰਾ ਸਿਰ ਝੁਕਦਾ ਹੈ , ਆਪ ਜੀ ਵੱਲੋਂ ਜੋ ਵੀ ਸੇਵਾ ਲਗਾਈ. ਜਾਏਗੀ ਦਾਸ ਖਿੜੇ ਮੱਥੇ ਪ੍ਰਵਾਨ ਕਰੇਗਾ।

## ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਕਰੋੜਾਂ ਰੁਪਏ ਦੇ ਵੱਖ ਵੱਖ ਕੰਮਾਂ ਦਾ ਕੈਪਟਨ ਵੱਲੋਂ ਉਦਘਾਟਨ ਤੇ ਨੀਂਹ ਪੱਥਰ

***ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਚੇਅਰ ਲਾਂਚ**



ਅੰਮ੍ਰਿਤਸਰ, 16 ਅਗਸਤ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਚ ਪਹਿਲੀ ਵਾਰ ਤਕਰੀਬਨ 30 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਅਤੇ ਹੋਣ ਵਾਲੇ ਛੇ ਵੱਡੇ ਪ੍ਰੋਜੈਕਟਾਂ ਦਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕੋ ਵਾਰ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ ਜਿਨ੍ਹਾਂ ਵਿਚ 6.10 ਕਰੋੜ ਰੁਪਏ ਦੀ ਲਾਗਤ ਵਾਲੇ ਸਕੂਲ ਆਫ਼ ਐਜੂਕੇਸ਼ਨ, 2.45 ਕਰੋੜ ਰੁਪਏ ਦੀ ਲਾਗਤ ਵਾਲੇ ਜਨ ਸੰਚਾਰ ਵਿਭਾਗ, 3.30 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਹੋਟਲ ਮੈਨੇਜਮੈਂਟ ਅਤੇ ਸੈਰ ਸਪਾਟਾ ਦਾ ਉਦਘਾਟਨ ਅਤੇ 3.50 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਗੋਲਡਨ ਜੁਬਲੀ ਸੈਂਟਰ ਫਾਰ ਇੰਟਰਪ੍ਰੀਨਿਊਰਸ਼ਿਪ ਐਂਡ ਇਨੋਵੇਸ਼ਨ ਅਤੇ 1.60 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸ਼ੂਟਿੰਗ ਰੇਂਜ ਦਾ ਨੀਂਹ ਪੱਥਰ ਸ਼ਾਮਿਲ ਹਨ। ਉਹ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਥਾਪਤ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਦੀ ਚੇਅਰ ਨੂੰ ਲਾਂਚ ਕਰਨ ਲਈ ਇਥੇ ਪੁੱਜੇ ਸਨ। ਇਹ ਚੇਅਰ ਮਹਾਨ ਧਾਰਮਿਕ ਸ਼ਖਸੀਅਤ ਅਤੇ ਉੱਘੇ ਸਿੱਖਿਆ ਸ਼ਾਸਤਰੀ ਦੀ ਯਾਦ ਵਿਚ ਸਥਾਪਤ ਕੀਤੀ ਗਈ ਹੈ ਅਤੇ ਮੌਜੂਦਾ ਵਿੱਤੀ ਸਾਲ ਵਿਚ ਸੂਬਾ ਸਰਕਾਰ ਨੇ ਇਕ ਕਰੋੜ ਰੁਪਏ ਦਾ ਯੋਗਦਾਨ ਪਾਇਆ ਗਿਆ ਹੈ। ਇਸ ਚੇਅਰ ਦੇ ਇਕ ਮੁਖੀ ਪ੍ਰੋਫੈਸਰ ਅਤੇ ਉਨ੍ਹਾਂ ਨਾਲ ਤਿੰਨ ਖੋਜ ਸਹਾਇਕ ਵੀ ਹੋਣਗੇ।

ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਪੁੱਜਣ 'ਤੇ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸ਼ੰਧੂ ਵੱਲੋਂ ਨਿੱਘਾ ਸਵਾਗਤ ਕੀਤਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਡੀਨ ਅਕਾਦਮਿਕ ਮਾਮਲੇ, ਪ੍ਰੋ. ਹਰਦੀਪ ਸਿੰਘ, ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਅਤੇ ਓ.ਐਸ.ਡੀ. ਪ੍ਰੋ. ਐਸ.ਐਸ. ਬਹਿਲ ਵੀ ਮੌਜੂਦ ਸਨ।

ਉਨ੍ਹਾਂ ਕਿਹਾ ਕਿ ਪੂਰਾ ਵਿਸ਼ਵ ਬੜੀ ਤੇਜੀ ਨਾਲ ਖੋਜ ਵੱਲ ਵੱਧ ਰਿਹਾ ਹੈ। ਖੋਜ ਨੂੰ ਵਿਕਾਸ ਦਾ ਧੁਰਾ ਦਸਦਿਆਂ ਉਨ੍ਹਾਂ ਕਿਹਾ ਕਿ ਉਹ ਵੀ ਇਤਿਹਾਸ ਦੇ ਵਿਦਿਆਰਥੀ ਹਨ ਅਤੇ ਉਨ੍ਹਾਂ ਦੀ ਵੀ ਦੁਨੀਆਂ ਵਿਚ ਹੋ ਰਹੀਆਂ ਖੋਜਾਂ 'ਤੇ ਨਜ਼ਰ ਰਹਿੰਦੀ ਹੈ। ਹੁਣ ਤਕ ਹੋਈਆਂ ਖੋਜਾਂ ਨੇ ਵਿਸ਼ਵ ਨੂੰ ਇਕ ਪਿੰਡ ਦੀ ਤਰ੍ਹਾਂ ਬਣਾ ਦਿੱਤਾ ਹੈ। ਅੱਜ ਜੋ ਯੂਨੀਵਰਸਿਟੀ ਵਿਚ ਇਹ ਚੇਅਰ ਸਥਾਪਤ ਕੀਤੀ ਗਈ ਹੈ ਉਸ ਦਾ ਮੁੱਖ ਮਕਸਦ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਨੇ ਜੋ ਆਪਣੀ ਜ਼ਿੰਦਗੀ ਭਰ ਵਿਚ ਧਾਰਮਿਕ, ਸਮਾਜਿਕ ਅਤੇ ਸਿੱਖਿਆ ਖੇਤਰ ਵਿਚ ਜੋ ਕੰਮ ਕੀਤੇ ਹਨ ਉਨ੍ਹਾਂ ਦੇ ਕਾਰਜਾਂ ਉਪਰ ਖੋਜ ਕਰਕੇ ਨਵੀਆਂ ਦਿਸ਼ਾਵਾਂ ਲੱਭੀਆਂ ਜਾ ਸਕਣ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਇਹ ਪ੍ਰਾਜੈਕਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਮੁਲਕ ਦੀਆਂ ਉਚ ਦਰਜੇ ਦੀਆਂ ਯੂਨੀਵਰਸਿਟੀਆਂ ਵਿਚ ਆਪਣਾ ਸਥਾਨ ਹੋਰ ਮਜ਼ਬੂਤ ਕਰਨ ਵਿਚ ਸਹਾਈ ਸਿੱਧ ਹੋਣਗੇ।

## ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿਚ ਪੰਜਾਬੀ ਕਿਸਾਨਾਂ ਦਾ ਵਿਸ਼ੇਸ਼ ਯੋਗਦਾਨ: ਅਰੁਣਾ ਚੌਧਰੀ



ਪਠਾਨਕੋਟ, 16 ਅਗਸਤ (ਰਾਜਿੰਦਰ ਸਿੰਘ ਰਾਜਨ)- ਸਪੋਰਟ ਸਟੇਡੀਅਮ ਲਮੀਣੀ ਪਠਾਨਕੋਟ ਵਿਖੇ ਜਿਲ੍ਹਾ ਪੱਧਰੀ 75ਵਾਂ ਅਜਾਦੀ ਦਿਵਸ ਮਨਾਇਆ ਗਿਆ। ਸਮਾਰੋਹ ਵਿੱਚ ਅਰੁਣਾ ਚੋਧਰੀ ਸਮਾਜਿੱਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਤਿਰੰਗਾ ਲਹਿਰਾ ਕੇ ਤਿਰੰਗੇ ਨੂੰ ਸਲਾਮੀ ਦਿੱਤੀ। ਸਭ ਤੋਂ ਪਹਿਲਾ ਮੁੱਖ ਮਹਿਮਾਨ ਵੱਲੋਂ ਤਿਰੰਗਾ ਲਹਿਰਾਉਂਣ ਦੀ ਰਸਮ ਅਦਾ ਕੀਤੀ ਅਤੇ ਸਮਾਰੋਹ ਦੋਰਾਨ ਪ੍ਰੇਡ ਦਾ ਨਿਰੀਖਣ ਕੀਤਾ ਇਸ ਤੋਂ ਬਾਅਦ ਹਵਾਂ ਵਿੱਚ ਗੁਬਾਰੇ ਛੱਡ ਕੇ ਅਮਨ ਤੇ ਸਾਂਤੀ ਦਾ ਸੰਦੇਸ ਦਿੱਤਾ। ਜਿਸ ਤੋਂ ਬਾਅਦ ਮਾਰਚ ਪਾਸਟ ਕੀਤਾ ਗਿਆ।

ਇਸ ਮੋਕੇ ਤੇ ਕੈਬਨਿਟ ਮੰਤਰੀ ਅਰੁਣਾ ਚੋਧਰੀ ਨੇ ਕਿਸਾਨਾਂ ਦੇ ਹਿੱਤਾ ਦੀ ਗੱਲ ਕਰਦਿਆ ਕਿਹਾ ਕਿ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿਚ ਪੰਜਾਬੀ ਕਿਸਾਨਾਂ ਦਾ ਵਿਸ਼ੇਸ਼ ਯੋਗਦਾਨ ਹੈ। ਕਾਲੇ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਦੇ ਕਿਸਾਨਾਂ ਵੱਲੋਂ ਸ਼ੁਰੂ ਕੀਤੇ ਅੰਦੋਲਨ ਵਿੱਚ ਅੱਜ ਸਾਰਾ ਭਾਰਤ ਉਨ੍ਹਾਂ ਦਾ ਸਾਥ ਦੇ ਰਿਹਾ ਹੈ । ਸਭ ਤੋਂ ਦੁੱਖ ਦੀ ਗੱਲ ਹੈ ਕਿ ਇਸ ਸੰਘਰਸ਼ ਵਿਚ ਸੈਂਕੜੇ ਕਿਸਾਨ ਆਪਣੀ ਜਾਨ ਗੁਆ ਚੁੱਕੇ ਹਨ। ਸਰਕਾਰ ਵੱਲੋਂ ਕਿਸਾਨੀ ਅੰਦੋਲਨ ਵਿੱਚ ਜਾਨਾਂ ਗੁਆਉਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਜਿੱਥੇ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੋਇਆ ਹੈ, ਉੱਥੇ ਹੀ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਵੱਖ-ਵੱਖ ਸਹਿਕਾਰੀ ਅਤੇ ਵਪਾਰਕ ਬੈਂਕਾਂ ਦੇ ਕਰਜ਼ਾ ਪ੍ਰਾਪਤ ਛੋਟੇ ਅਤੇ ਦਰਮਿਆਨੇ ਕਰੀਬ ਛੇ ਲੱਖ ਕਿਸਾਨਾਂ ਦਾ 4600 ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਮੁਆਫ਼ ਕੀਤਾ ਗਿਆ ਹੈ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਸੰਯਮ ਅਗਰਵਾਲ ਡਿਪਟੀ ਕਮਿਸ਼ਨਰ ਪਠਾਨਕੋਟ, ਸੁਰਿੰ-ਦਰਾ ਲਾਂਬਾ ਐਸ.ਐਸ.ਪੀ. ਪਠਾਨਕੋਟ, ਮੁਹੰਮਦ ਗੁਲਜਾਰ ਜਿਲ੍ਹਾ ਤੇ ਸੈਸਨ ਜੱਜ ਪਠਾਨਕੋਟ, ਅਵਤਾਰ ਸਿੰਘ ਆਡੀਸਨਲ ਜਿਲ੍ਹਾ ਤੇ ਸੈਸਨ ਜੱਜ ਆਦਿ ਵੀ ਹਾਜ਼ਰ ਸਨ।

## ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ 95 ਵਿਦਿਆਰਥੀਆਂ ਦੇ ਕੋਵਿਡ-19 ਟੈਸਟ ਲਏ



ਪਠਾਨਕੋਟ, 16 ਅਗਸਤ (ਰਾਜਿੰ-ਦਰ ਸਿੰਘ ਰਾਜਨ) ਸਿਵਲ ਸਰਜਨ ਪਠਾਨਕੋਟ ਦੇ ਹੁਕਮਾਂ ਅਨੁਸਾਰ ਪ੍ਰਾਇਮਰੀ ਹੈਲਥ ਸੈਂਟਰ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਕਥਲੌਰ (ਪਠਾਨਕੋਟ) ਵਿਖੇ ਵਿੱਦਿਆ ਹਾਸਲ ਕਰ ਰਹੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ 95 ਵਿਦਿਆਰਥੀਆਂ/ਵਿਦਿਆਰਥਣਾਂ ਕੋਵਿਡ-19 ਟੈਸਟ ਲਏ ਗਏ। ਸਕੂਲ ਦੇ ਸੀਨੀਅਰ ਲੈਕਚਰਾਰ ਵਿਕਰਮ ਸਿੰਘ ਨੇ ਦੱਸਿਆ ਕਿ ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਰਾਮ ਪਾਲ, ਸੰਜੀਵ ਕੁਮਾਰ, ਅਸ਼ਵਨੀ ਕੁਮਾਰ ਅਧਿਆਪਕਾਂ ਤੋਂ ਇਲਾਵਾ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੇ ਕੋਵਿਡ-19 ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਬਾਖੂਬੀ ਢੰਗ ਨਾਲ ਸੇਵਾਵਾਂ ਨਿਭਾਈਆਂ।

ਪ੍ਰਿੰਸੀਪਲ ਰਾਮ ਪਾਲ ਅਤੇ ਸੀਨੀਅਰ ਲੈਕਚਰਾਰ ਵਿਕਰਮ ਸਿੰਘ ਨੇ ਸਿਹਤ ਵਿਭਾਗ ਦੇ ਉਕੱਤ ਉਪਰਾਲੇ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਅਜਿਹੇ ਕੈਂਪ ਸਕੂਲਾਂ ਵਿਚ ਲਾਉਣੇ ਸਮੇਂ ਦੀ ਮੁੱਖ ਲੋੜ ਹਨ।

## ਆਜ਼ਾਦੀ ਦੇ 75ਵੇਂ ਦਿਹਾੜੇ ਤੇ 120 ਫੁੱਟ ਲੰਬਾ ਤਰੰਗਾ ਬਣਿਆ ਖਿੱਚ ਦਾ ਕੇਂਦਰ



ਪਠਾਨਕੋਟ, 16 ਅਗਸਤ (ਰਾਜਿੰਦਰ ਸਿੰਘ ਰਾਜਨ)- ਭਾਜਪਾ ਯੁਵਾ ਮੋਰਚਾ ਪਠਨਕੋਟ ਵੱਲੋਂ ਆਜ਼ਾਦੀ ਦੇ 75ਵੇਂ ਦਿਹਾੜੇ ਉੱਤੇ ਇਕ ਵਿਸ਼ਾਲ ਸੰਕਲਪ ਯਾਤਰਾ ਦਾ ਆਯੋਜਨ ਕੀਤਾ ਗਿਆ। ਇਹ ਸੰਕਲਪ ਯਾਤਰਾ ਉਸ ਵਕਤ ਇਕ ਖੂਬਸੂਰਤ ਖਿੱਚ ਦਾ ਕੇਂਦਰ ਬਣ ਗਈ ਜਦੋਂ ਇਸ ਯਾਤਰਾ ਵਿੱਚ 120 ਫੁੱਟ ਲੰਬਾ ਤਰੰਗਾ ਲੈ ਕੇ ਯੁਵਾ ਆਗੂਆਂ ਵੱਲੋਂ "ਭਾਰਤ ਮਾਤਾ ਦੀ ਜੈ" ਦੇ ਨਾਅਰੇ ਲਾਏ ਗਏ। ਇਸ ਯਾਤਰਾ ਦੇ ਮੌਕੇ ਭਾਜਪਾ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ, ਭਾਜਪਾ ਦੇ ਜ਼ਲ੍ਹਿਾ ਪ੍ਰਧਾਨ ਵਿਜੇ ਸ਼ਰਮਾ, ਭਾਜਪਾ ਪੰਜਾਬ ਯੁਵਾ ਮੋਰਚਾ ਦੇ ਜਰਨਲ ਸਕੱਤਰ ਦੀਪਾਂਸ਼ੂ ਘਈ, ਭਾਜਪਾ ਦੇ ਮਹਾਮੰਤਰੀ ਸੁਰੇਸ਼, ਯੂਵਾ ਪ੍ਰਭਾਰੀ ਰਮੇਸ਼ ਸ਼ਰਮਾ, ਜ਼ਲ੍ਹਿਾ ਪ੍ਰਧਾਨ ਵਰੁਣ ਵਿੱਕੀ ਦੇ ਇਲਾਵਾ ਮੰਡਲ ਪ੍ਰਧਾਨ ਅਹੁੱਦੇਦਾਰ, ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## ਬਹਾਦਰ ਡਾਲਵੀ ਦੇ ਜੀਵਨ ਉਪਰ ਬਣੀ ਫਿਲਮ "ਬਹਾਦਰ-ਏ ਬਰੇਵਮੈਨ" ਯੂ-ਟਿਊਬ ਤੇ ਰਲੀਜ



ਮੋਗਾ, 16 ਅਗਸਤ (ਗਿਆਨ ਸਿੰਘ)- ਸਵਰਗੀ ਪ੍ਰਿੰਸੀਪਲ ਬਹਾਦਰ ਡਾਲਵੀ ਦੇ ਜਨਮ ਦਿਨ ਤੇ "ਬਹਾਦਰ ਡਾਲਵੀ ਟਰੱਸਟ" ਵਲੋਂ ਲਿਖਾਰੀ ਸਭਾ, ਸਰਬੱਤ ਦਾ ਭਲਾ ਟਰੱਸਟ ਅਤੇ ਸਮਾਜ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਵਿਸ਼ੇਸ਼ ਸਾਹਿਤਕ ਸਮਗਾਮ ਕੀਤਾ ਗਿਆ। ਜਿਸਦੇ ਪ੍ਰਧਾਨਗੀ ਮੰਡਲ ਵਿਚ ਪ੍ਰਿੰਸੀਪਲ ਸੁਰਜੀਤ ਸਿੰਘ ਕਾਉਂਕੇ, ਮਹਿੰਦਰ ਲੂੰਬਾ, ਬੇਅੰਤ ਕੌਰ ਗਿੱਲ, ਪ੍ਰਮਜੀਤ ਸਿੰਘ ਚੂਹੜਚੱਕ, ਸਿਮਰਨ ਕੌਰ ਅਤੇ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਸਾਮਲ ਸਨ। ਸਮਾਗਮ ਦਾ ਅਰੰਭ ਮਾਸਟਰ ਪ੍ਰੇਮ ਦੇ ਗੀਤ ਨਾਲ ਹੋਇਆ। ਗਿਆਨ ਸਿੰਘ ਨੇ ਬਹਾਦਰ ਡਾਲਵੀ ਦੇ ਜੀਵਨ ਤੇ ਰੌਸਨੀ ਪਾਉਦਿਆਂ ਦੱਸਿਆ ਕਿ ਉਨਾਂ ਦੇ ਜੀਵਨ ਨਾਲ ਸਬੰਧਤ ਫਿਲਮ ਦੀ ਕਹਾਣੀ ਦੇ ਲੇਖਕ ਅਤੇ ਡਾਇਰੈਕਟਰ ਉਹਨਾਂ ਦੇ ਕੈਨੇਡਾ ਵਸਦੇ ਪੁਤਰ ਨਵ ਡਾਲਵੀ ਹਨ। ਬਹਾਦਰ ਡਾਲਵੀ ਪਿਛਲੀ ਜਨਵਰੀ ਮਹੀਨੇ ਸਰੀਰਕ ਤੌਰ ਉੱਤੇ ਵਿਛੋੜਾ ਦੇ ਗਏ ਸਨ, ਉਹਨਾਂ ਦੀ ਬਚਪਨ ਵਿੱਚ ਇਕ ਬਾਂਹ ਵੱਢੀ ਗਈ ਸੀ ਪਰ ਉਹ ਯੂਨੀਵਰਸਿਟੀ ਤਕ ਪੜ੍ਹਕੇ ਅਧਿਆਪਕ ਬਣੇ ਤੇ ਪ੍ਰਿੰਸੀਪਲ ਦੇ ਅਹੁਦੇ ਤਕ ਪੁੱਜੇ। ਉਹਨਾਂ ਨੇ ਬਚਪਨ ਤੋਂ ਹੀ ਗਾਇਕਾਂ ਦੀ ਪ੍ਰੇਰਨਾ ਸਦਕਾ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਸਨ ਤੇ ਆਪਣੇ ਜੀਵਨ ਵਿੱਚ ਕਈ ਪੁਸਤਕਾਂ ਪ੍ਰਕਾਸ਼ਤਿ ਕਰਵਾਈਆਂ।

ਉਹਨਾਂ ਦੀਆਂ ਯਾਦਾਂ ਨੂੰ ਦਸਤਾਵੇਜੀ ਫਿਲਮ ਵਿਚ ਪਿਛਲੇ ਦਿਨੀਂ ਉਹਨਾਂ ਦੇ ਜੱਦੀ ਪਿੰਡ ਡਾਲਾ ਵਿਖੇ ਫਿਲਮਾਇਆ ਗਿਆ। ਅੱਜ ਮੋਗਾ ਵਿਖੇ ਫਿਲਮ ਦਾ ਪੋਸਟਰ ਰਲੀਜ ਕੀਤਾ ਜਾ ਰਿਹਾ ਸੀ ਤੇ ਕੈਨੇਡਾ ਵਿਖੇ ਯੂ-ਟਿਊਬ ਤੇ "ਬਹਾਦਰ-ਏ ਬਰੇਵਮੈਂਨ" ਫਿਲਮ ਰਿਲੀਜ਼ ਕਰ ਦਿੱਤੀ ਗਈ। ਇਸ ਮੌਕੇ ਸਿੱਖਿਆ ਸ਼ਾਸ਼ਤਰੀ ਜਸਵੰਤ ਸਿੰਘ ਦਾਨੀ ਨੇ ਬਹਾਦਰ ਡਾਲਵੀ ਦੀ ਮੁੜ੍ਹਕੇ ਦੇ ਮੋਤੀ ਨਾਲ ਤੁਲਨਾ ਕੀਤੀ

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
You only pay upon settlement
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:
416556 6884

ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909, 416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਵਿਜੇ ਮਾਲਿਆ ਦਾ ਕਿੰਗਫਿਸ਼ਰ ਹਾਊਸ 52.25 ਕਰੋੜ ਵਿੱਚ ਵਿਕਿਆ




ਮੁੰਬਈ, 16 ਅਗਸਤ (ਪੋਸਟ ਬਿਊਰੋ)- ਬੈਂਕਾਂ ਨਾਲ ਠੱਗੀ ਕਰਨ ਪਿੱਛੋਂ ਭਗੌੜੇ ਹੋਏ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ (65) ਦੇ ਮੁੰਬਈ ਵਿਚਲੇ ਕਿੰਗਫਿਸ਼ਰ ਹਾਊਸ ਨੂੰ ਲੰਮੇ ਸਮੇਂ ਦੀ ਉਡੀਕ ਪਿੱਛੋਂ ਹੈਦਰਾਬਾਦ ਦੀ ਇੱਕ ਰਿਆਲਿਟੀ ਫਰਮ ਨੂੰ 52.25 ਕਰੋੜ ਰੁਪਏ ਦਾ ਵੇਚ ਦਿੱਤਾ ਗਿਆ ਹੈ। ਵਿਜੇ ਮਾਲਿਆ ਦੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨਜ਼ ਦੇ ਹੈਡਕੁਆਰਟਰ ਕਿੰਗਫਿਸ਼ਰ ਹਾਊਸ ਨੂੰ 1.35 ਕਰੋੜ ਰੁਪਏ ਦੀ ਰਿਜ਼ਰਵ ਕੀਮਤ ਤੋਂ ਲਗਭਗ ਇੱਕ-ਤਿਹਾਈ ਦੇ ਮੁੱਲ ਉੱਤੇ ਵੇਚਿਆ ਗਿਆ ਹੈ। ਇਹ ਰਿਜ਼ਰਵ ਕੀਮਤ 2016 ਵਿੱਚ ਹੋਈ ਪਹਿਲੀ ਨਿਲਾਮੀ ਵਿੱਚ ਨਿਰਧਾਰਤ ਕੀਤੀ ਗਈ ਸੀ ਅਤੇ ਇਸ ਦੀ ਤੁਲਨਾ ਵਿੱਚ ਇਹ ਜਾਇਦਾਦ ਬਹੁਤ ਘੱਟ ਕੀਮਤ ਉੱਤੇ ਵਿਕੀ ਹੈ।

ਵਰਨਣ ਯੋਗ ਹੈ ਕਿ ਵਿਜੇ ਮਾਲਿਆ ਬ੍ਰਿਟੇਨ ਵਿੱਚ ਇੱਕ ਗੁਪਤ ਕਾਨੂੰਨੀ ਕੇਸ ਵਿੱਚ ਜ਼ਮਾਨਤ ਉੱਤੇ ਹੈ। ਮੰਨਿਆ ਜਾਂਦਾ ਹੈ ਕਿ ਇਹ ਚੱਕਰ ਬ੍ਰਿਟੇਨ ਵਿੱਚ ਮਾਲਿਆ ਵੱਲੋਂ ਸ਼ਰਨ ਮੰਗਣ ਲਈ ਦਿੱਤੀ ਅਰਜ਼ੀ ਨਾਲ ਸੰਬੰਧਤ ਹੈ। ਭਾਰਤੀ ਸਟੇਟ ਬੈਂਕ ਸਮੇਤ ਵਿਜੇ ਮਾਲਿਆ ਨੂੰ ਕਰਜ਼ਾ ਦੇਣ ਵਾਲੇ 11 ਬੈਂਕਾਂ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਉੱਤੇ ਅਧਿਕਾਰ ਲਈ ਵਿਸ਼ੇਸ਼ ਮਨੀ ਲਾਂਡਰਿੰਗ ਰੋਕੂ ਐਕਟ ਅਦਾਲਤ ਤੱਕ ਪਹੁੰਚ ਕੀਤੀ ਸੀ। ਬ੍ਰਿਟੇਨ ਦੌੜ ਗਏ ਜਿਵੇ ਮਾ-ਲਿਆ ਵਿਰੁੱਧ ਈ ਡੀ ਅਤੇ ਸੀ ਬੀ ਆਈ ਵੱਲੋਂ ਕਰੋੜਾਂ ਰੁਪਏ ਦੇ ਬੈਂਕ ਘਪਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਧੋਖਾਦੇਹੀ ਮਾਲਿਆ ਦੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨਜ਼ ਨਾਲ ਜੁੜੀ ਹੋਈ ਹੈ। ਇਸ ਲਈ ਉਸ ਨੇ ਵੱਖ-ਵੱਖ ਬੈਂਕਾਂ ਤੋਂ ਨੌਂ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਲਏ ਸਨ।

# ਨਰਿੰਦਰ ਮੋਦੀ ਨੇ ਕਿਹਾ, 1947 ਦੀ ਵੰਡ ਦਾ ਦਰਦ ਭੁਲਾਇਆ ਨਹੀਂ ਜਾ ਸਕਦਾ

ਨਵੀਂ ਦਿੱਲੀ, 16 ਅਗਸਤ (ਪੋਸਟ ਬਿਊਰੋ)- ਭਾਰਤ ਦੇ 75ਵੇਂ ਆਜ਼ਾਦੀ ਦਿਨ ਤੋਂ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 14 ਅਗਸਤ ਨੂੰ ਵੰਡ ਦੇ ਸੰਤਾਪ ਨੂੰ ਸਮਰਪਿਤ ਯਾਦ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਉਨ੍ਹਾ ਨੇ ਟਵੀਟ ਕਰ ਕੇ ਕਿਹਾ ਕਿ ਦੇਸ਼ ਦੀ ਵੰਡ ਦਾ ਦਰਦ ਕਦੇ ਭੁਲਾਇਆ ਨਹੀਂ ਜਾ ਸਕਦਾ।





ਨਰਿੰਦਰ ਮੋਦੀ ਨੇ ਕਿਹਾ ਕਿ ਨਫਰਤ ਅਤੇ ਹਿੰਸਾ ਕਾਰਨ ਸਾਡੇ ਲੱਖਾਂ ਭੈਣ-ਭਰਾਵਾਂ ਨੂੰ ਘਰੋਂ ਬੇਘਰ ਹੋਣਾ ਪਿਆ ਅਤੇ ਆਪਣੀ ਜਾਨ ਗੁਆਉਣੀ ਪਈ। ਉਨ੍ਹਾਂ ਲੋਕਾਂ ਦੇ ਸੰਘਰਸ਼ ਅਤੇ ਬਲੀਦਾਨ ਦੀ ਯਾਦ ਵਿੱਚ 14 ਅਗਸਤ ਨੂੰ ਦੇਸ਼ ਦੀ ਵੰਡ ਦੇ ਯਾਦਗਾਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਇਹ ਯਾਦਗਾਰ ਦਿਵਸ ਸਾਨੂੰ ਭੇਦਭਾਵ, ਨਫਰਤ ਅਤੇ ਦੁਰਭਾਵਨਾ ਦਾ ਜ਼ਹਿਰ ਖਤਮ ਕਰਨ ਲਈ ਨਾ ਸਿਰਫ ਪ੍ਰੇਰਿਤ ਕਰੇਗਾ ਸਗੋਂ ਇਸ ਨਾਲ ਏਕਤਾ, ਸਮਾਜਕ ਸਦਭਾਵ ਅਤੇ ਮਨੁੱਖੀ ਸੰਵੇਦਨਾਵਾਂ ਮਜ਼ਬੂਤ ਹੋਣਗੀਆਂ। ਇਸ ਦੇ ਨਾਲ ਕੱਲ੍ਹ ਗ੍ਰਹਿ ਮੰਤਰਾਲੇ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਐਲਾਨ ਕੀਤਾ ਕਿ ਦੇਸ਼ ਦੀ ਵੰਡ ਵੇਲੇ ਜਾਨਾਂ ਗਵਾਉਣ ਵਾਲੇ ਲੋਕਾਂ ਦੇ ਸਨਮਾਨ ਵਿੱਚ 14 ਅਗਸਤ ਨੂੰ ਵੰਡ ਦੇ ਦੁਖਾਂਤ ਦਿਵਸ ਵਜੋਂ ਮਨਾਇਆ ਜਾਇਆ ਕਰੇਗਾ। ਗ੍ਰਹਿ ਮੰਤਰਾਲੇ ਨੇ ਇਹ ਨੋਟੀਫਿਕੇਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਬਾਰੇ ਐਲਾਨ ਕਰਨ ਤੋਂ ਕੁਝ ਘੰਟੇ ਬਾਅਦ ਜਾਰੀ ਕੀਤਾ।

## ਫਾਦਰ ਮੁਲੱਕਲ ਕੇਸ ਸਿਸਟਰ ਲੱਕੀ ਨੂੰ ਐਫ ਸੀ ਸੀ ਦੇ ਕਾਨਵੈਂਟ ਵਿੱਚ ਰਹਿਣ ਦੀ ਇਜਾਜ਼ਤ

ਵਾਇਨਾਡ, 16 ਅਗਸਤ (ਪੋਸਟ ਬਿਊਰੋ)- ਕੇਰਲ ਦੇ ਵਾਇਨਾਡ ਦੀ ਇੱਕ ਅਦਾਲਤ ਨੇ ਸਿਸਟਰ ਲੱਕੀ ਕਲਾਪੁਰਾ ਦੇ ਖਿਲਾਫ ਕੱਢੇ ਜਾਣ ਦੇ ਕੇਸ ਵਿੱਚ ਨਿਪਟਾਰਾ ਹੋਣ ਤੱਕ ਉਨ੍ਹਾਂ ਨੂੰ ਫਰਾਂਸਿਸਕਨ ਕਲੈਰਿਸਟ ਕਾਨਗਰੇਸ਼ਨ (ਐਫ ਸੀ ਸੀ) ਦੇ ਕਾਨਵੈਂਟ (ਨੰਨ ਦੇ ਰਹਿਣ ਦੇ ਸਥਾਨ) ਵਿੱਚ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ।

ਸਿਸਟਰ ਕਲਾਪੁਰਾ ਨੇ ਦੱਸਿਆ ਕਿ ਮਨੰਤਵਾਡੇ ਵਿੱਚ ਅਦਾਲਤ ਨੇ ਸ਼ੁੱਕਰਵਾਰ ਉਨ੍ਹਾਂ ਦੀ ਇਹ ਅਪੀਲ ਸਵੀਕਾਰ ਕਰ ਲਈ ਹੈ ਕਿ ਉਨ੍ਹਾਂ ਦੇ ਖਿਲਾਫ ਵਿਚਾਰ ਅਧੀਨ ਕੇਸ ਦਾ ਨਿਪਟਾਰਾ ਹੋਣ ਤੱਕ ਉਨ੍ਹਾਂ ਨੂੰ ਕਾਨਵੈਂਟ ਵਿੱਚ ਰਹਿਣ ਦਿੱਤਾ ਜਾਏ। ਸਿਸਟਰ ਕਲਾਪੁਰਾ ਨੇ ਇੱਕ ਨੰਨ ਨਾਲ ਬਲਾਤਕਾਰ ਦੇ ਦੋਸ਼ੀ ਬਿਸ਼ਪ ਫਰੈਂਕੋ ਮੁਲੱਕਲ ਨੂੰ ਗ੍ਰਿਫਤਾਰ ਕਰਨ ਦੀ ਮੰਗ ਬਾਰੇ 'ਮਿਸ਼ਨਰੀਜ਼ ਆਫ ਜੀਸਸ ਕਾਨਗਰੇਸ਼ਨ ਦੀਆਂ ਨੰਨਸ ਦੇ ਨਾਲ ਵਿਰੋਧ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਨੂੰ ਰੋਮਨ ਕੈਥੋਲਿਕ ਚਰਚ ਦੇ ਤਹਿਤ ਆਉਂਦੇ ਐਫ ਸੀ ਸੀ ਨੇ ਅਗਸਤ 2019 ਵਿੱਚ ਕੱਢ ਦਿੱਤਾ ਸੀ।

## ਦੋ ਸੌ ਕਤਲਾਂ ਦਾ ਦੋਸ਼ੀ ਸ਼ਹਿਮਾਰ ਗੈਂਗ ਦਾ ਸਰਗਣਾ ਫਾਤੀ ਗ੍ਰਿਫ਼ਤਾਰ

ਆਗਰਾ, 16 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼, ਦਿੱਲੀ, ਹਰਿਆਣਾ, ਰਾਜਸਥਾਨ ਅਤੇ ਹੋਰ ਕਈ ਰਾਜਾਂ ਵਿੱਚ ਦਰਜਨਾਂ ਲੋਕਾਂ ਦੀ ਹੱਤਿਆ ਕਰਨ ਵਾਲੇ ਸ਼ਹਿਮਾਰ ਗਿਰੋਹ ਦੇ ਸਰਗਣਾ ਫਾਤੀ ਉਰਫ਼ ਕਦੀਮ ਨੂੰ ਉਤਰ ਪ੍ਰਦੇਸ਼ ਐਸ ਟੀ ਐਫ (ਸਪੈਸ਼ਲ ਟਾਸਕ ਫੋਰਸ) ਦੀ ਆਗਰਾ ਇਕਾਈ ਨੇ ਗ੍ਰਿਫ਼ਤਾਰ ਕਰ ਲਿਆ ਹੈ।



ਇਸ ਸੰਬੰਧ ਵਿੱਚ ਐਸ ਟੀ ਐਫ ਦਾ ਦਾਅਵਾ ਹੈ ਕਿ ਫਾਤੀ ਗੈਂਗ 200 ਲੋਕਾਂ ਦੀ ਹੱਤਿਆ ਕਰ ਚੁੱਕਿਆ ਹੈ। ਉਹ ਕਨੌਜ ਦੇ ਥਾਣਾ ਤਿਰਵਾ ਦੇ ਪਿੰਡ ਬਿਨੌਰਾ ਦਾ ਵਸਨੀਕ ਹੈ ਤੇ ਪਿੰਡ ਦੌਤਈ ਵਿੱਚ ਰਹਿੰਦਾ ਸੀ।ਉਹ ਜਗ੍ਹਾ ਬਦਲਣ ਦੇ ਨਾਲ ਹੀ ਨਾਮ ਵੀ ਬਦਲ ਦਿੰਦਾ ਸੀ। ਉਸਦੇ ਫਾਤੀ ਉਰਫ਼ ਕਦੀਮ ਉਰਫ਼ ਅਸ਼ਦ ਖ਼ਾਨ ਉਰਫ਼ ਪਹਿ-ਲਵਾਨ ਉਰਫ਼ ਬਬਲੂ ਉਰਫ਼ ਮੋਨੀਸ਼ ਆਦਿ ਕਈ ਨਾਂ ਹਨ।ਸਰਗਣਾ ਨੇ ਪੁੱਛਗਿੱਛ ਵਿੱਚ ਦੱਸਿਆ ਕਿ ਉਸ ਨੂੰ ਖੁਦ ਨਹੀਂ ਪਤਾ ਕਿ ਉਹ ਕਿੰਨੇ ਲੋਕਾਂ ਨੂੰ ਮਾਰ ਚੁੱਕਿਆ ਹੈ।ਏਸੇਗੈਂਗ ਨੇ ਪਠਾਨਕੋਟ ਵਿੱਚ 19 ਅਗਸਤ 2020 ਨੂੰ ਸਾਬਕਾ ਕ੍ਰਿਕਟਰ ਸੁਰੇਸ਼ ਰੈਣਾ ਦੇ ਫੁੱਫੜ ਠੇਕੇਦਾਰ ਅਸ਼ੋਕ ਕੁਮਾਰ ਦੀ ਘਰ ਵਿੱਚ ਕਤਲ ਕਰ ਕੇ ਲੁੱਟਮਾਰ ਕੀਤੀ ਸੀ।

ਐਸ ਟੀ ਐਫ ਦੇ ਇੰਸਪੈਕਟਰ ਉਦੈ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼ਹਿਮਾਰ ਗਿਰੋਹ ਦੇ ਸਰਗਣਾ ਫਾਤੀ ਦਾ ਨਾਮ 1997 ਵਿੱਚ ਜੈਪੁਰ ਵਿੱਚ ਡਕੈਤੀ ਵੇਲੇ ਸੱਤ ਲੋਕਾਂ ਦੇ ਕਤਲ ਵਿੱਚ ਸਾਹਮਣੇ ਆਇਆ ਸੀ। ਫਾਤੀ 15 ਦਿਨ ਵਿੱਚ ਗੈਂਗ ਬਣਾ ਸਕਦਾ ਹੈ।ਉਸ ਦੇ ਆਗਰਾ ਵਿੱਚ ਹੋਣ ਦੀ ਜਾਣਕਾਰੀ ਮਿਲੀ ਤਾਂ ਐਸ ਟੀ ਐਫ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕਦੀਮ ਨੇ ਦੱਸਿਆ ਕਿ ਜਿਸ ਸ਼ਹਿਰ ਵਿੱਚ ਵਾਰਦਾਤ ਕਰਨੀ ਹੁੰਦੀ ਹੈ, ਉਥੇ ਕਈ ਮਹੀਨੇ ਪਹਿਲਾਂ ਡੇਰਾ ਲਾਉਂਦੇ ਹਨ।ਗੈਂਗ ਦੀਆਂ ਔਰਤਾਂ ਭੀਖ ਮੰਗਣ ਦੇ ਬਹਾਨੇ ਰੇਕੀ ਕਰਦੀਆਂ ਹਨ ਅਤੇ ਉਹ ਹਰ ਦਿਨ ਅਲੱਗ-ਅਲੱਗ ਦੇਵੀ-ਦੇਵਤਾਵਾਂ ਦੀਆਂ ਤਸਵੀਰਾਂ ਆਪਣੇ ਕੋਲ ਰੱਖਦੇ ਹਨ ਤਾਂ ਕਿ ਲੋਕਾਂ ਨੂੰ ਧੋਖਾ ਦੇ ਸਕਣ।

## ਟਾਟਾ ਗਰੁੱਪ ਉਤੇ ਟਿੱਪਣੀ ਵਾਲੇ ਵਿਵਾਦ ਵਿੱਚ ਕੇਂਦਰੀ ਮੰਤਰੀ ਪਿਊਸ਼ ਗੋਇਲ ਫਸਿਆ

ਨਵੀਂ ਦਿੱਲੀ, 16 ਅਗਸਤ (ਪੋਸਟ ਬਿਊਰੋ)- ਟਾਟਾ ਗਰੁੱਪ ਸਣੇ ਭਾਰਤ ਦੇ ਕਈ ਵੱਡੇ ਵਪਾਰਕ ਘਰਾਣਿਆਂ ਉੱਤੇ ਦੇਸ਼ ਦੇ ਹਿੱਤਾਂ ਦੀ ਅਣਦੇਖੀ ਦਾ ਦੋਸ਼ ਲਾ ਕੇ ਵਣਜ ਮੰਤਰੀ ਪੀਊਸ਼ ਗੋਇਲ ਵਿਵਾਦਾਂ ਵਿੱਚ ਫਸ ਗਏ ਹਨ। ਇਸ ਕਾਰਨ ਸ਼ਿਵ ਸੈਨਾ ਨੇ ਉਨ੍ਹਾਂ ਨੂੰ ਮੁਆਫੀ ਮੰਗਣ ਨੂੰ ਕਿਹਾ ਤੇ ਕਾਂਗਰਸ ਨੇ ਉਨ੍ਹਾਂ ਦੀ ਟਿੱਪਣੀ ਨੂੰ ਅਪਮਾਨ ਜਨਕ ਦੱਸਿਆ ਹੈ।



ਬੀਤੇ ਵੀਰਵਾਰ ਗੋਇਲ ਨੇ ਭਾਰਤੀ ਉਦਯੋਗ ਕਨਫੈਡਰੇਸ਼ਨ (ਸੀ ਆਈ ਆਈ) ਵੱਲੋਂ ਕਰਵਾਏ ਇੱਕ ਪ੍ਰੋਗਰਾਮ ਵਿੱਚ ਬੋਲਣ ਵੇਲੇ ਟਾਟਾ ਗਰੁੱਪ ਦੀ ਆਲੋਚਨਾ ਕਰਦੇ ਹੋਏ ਕਿਹਾ ਸੀ ਕਿ ਘਰੇਲੂ ਵਪਾਰਕ ਘਰਾਣਿਆਂ ਨੂੰ ਸਿਰਫ ਮੁਨਾਫੇ ਉੱਤੇ ਧਿਆਨ ਕੇਂਦਰਿਤ ਨਹੀਂ ਕਰਨਾ ਚਾਹੀਦਾ। ਗੋਇਲ ਦੀਆਂ ਟਿੱਪਣੀਆਂ ਬਾਰੇ ਵਿਵਾਦ ਨੇ ਨਵਾਂ ਮੋੜ ਉਦੋਂ ਲਿਆ ਜਦੋਂ 'ਦ ਹਿੰਦੂ' ਅਖਬਾਰ ਨੇ ਕੱਲ੍ਹ ਦੇ ਐਡੀਸ਼ਨ ਵਿੱਚ ਦੱਸਿਆ ਕਿ ਸਰਕਾਰ ਨੇ ਸੀ ਆਈ ਆਈ ਨੂੰ ਗੋਇਲ ਦੀਆਂ ਟਿੱਪਣੀਆਂ ਨਾਲ ਜੁੜਿਆ ਇੱਕ ਵੀਡੀਓ ਬਲਾਕ ਕਰਨ ਲਈ ਕਿਹਾ ਹੈ। ਜਾਣਕਾਰ ਸੂਤਰਾਂ ਮੁਤਾਬਕ ਪੱਤਰਕਾਰਾਂ ਨਾਲ ਸ਼ੇਅਰ ਕੀਤੇ ਗਏ ਗੋਇਲ ਦੇ ਇਹੋ ਜਿਹੇ ਦੋ ਵੀਡੀਓ ਨੂੰ ਬਲਾਕ ਕੀਤਾ ਗਿਆ ਹੈ। ਇਸ ਬਾਰੇ ਵਿੱਚ ਸੀ ਆਈ ਆਈ ਅਤੇ ਗੋਇਲ ਦੇ ਦਫਤਰ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ। ਸ਼ਿਵ ਸੈਨਾ ਦੀ ਰਾਜ ਸਭਾ ਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਪਿਊਸ਼ ਗੋਇਲ ਵੱਲੋਂ ਟਾਟਾ ਗਰੁੱਪ ਵਿਰੁੱਧ ਇਸ ਤਰ੍ਹਾਂ ਦੀ ਭਾਸ਼ਾ ਵਰਤਣ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੀ ਆਈ ਆਈ ਨੂੰ ਗੋਇਲ ਵਾਲਾ ਵੀਡੀਓ ਬਲਾਕ ਕਰਨ ਦੀ ਥਾਂ ਮੰਤਰੀ ਤੋਂ ਮੁਆਫੀ ਮੰਗਣ ਲਈ ਕਹਿਣਾ ਚਾਹੀਦਾ ਹੈ। ਕਾਂਗਰਸ ਪਾਰਟੀ ਦੀ ਬੁਲਾਰਾ ਸੁਪ੍ਰਿਆ ਸ਼੍ਰੀਨੇਤ ਨੇ ਗੋਇਲ ਦੀਆਂ ਟਿੱਪਣੀਆਂ ਨੂੰ ਅਪਮਾਨ ਜਨਕ ਦੱਸਿਆ ਹੈ।

ਅਸਲ ਵਿੱਚ ਪਿਛਲੇ ਮਹੀਨੇ ਸਰਕਾਰ ਅਤੇ ਵੱਡੇ ਵਪਾਰਕ ਘਰਾਣਿਆਂ ਦੀ ਬੈਠਕ ਦੌਰਾਨ ਟਾਟਾ ਨੇ ਈ-ਕਾਮਰਸ ਨਾਲ ਜੁੜੇ ਨਿਯਮਾਂ ਵਿੱਚ ਬਦਲਾਅ ਉੱਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਉਸ ਦੇ ਕੰਮ ਉੱਤੇ ਅਸਰ ਪਵੇਗਾ। ਟਾਟਾ ਗਰੁੱਪ ਨੇ ਕਿਹਾ ਸੀ ਕਿ ਪ੍ਰਸਤਾਵਤ ਨਿਯਮ ਸਟਾਰਬਕਸ ਵਰਗੇ ਉਸ ਦੇ ਵਿਦੇਸ਼ੀ ਭਾਈਵਾਲਾਂ ਨੂੰ ਟਾਟਾ ਦੀ ਸ਼ਾਪਿੰਗ ਵੈਬਸਾਈਟ ਉੱਤੇ ਸਾਮਾਨ ਵੇਚਣ ਤੋਂ ਰੋਕਦੇ ਹਨ। ਸੀ ਆਈ ਆਈ ਦੇ ਪ੍ਰੋਗਰਾਮ ਵਿੱਚ ਗੋਇਲ ਨੇ ਕਿਹਾ ਸੀ ਕਿ ਨਵੇਂ ਨਿਯਮਾਂ ਉੱਤੇ ਟਾਟਾ ਦੇ ਇਤਰਾਜ਼ ਨੇ ਉਨ੍ਹਾਂ ਨੂੰ ਕਾਫੀ ਨਿਰਾਸ਼ ਕੀਤਾ ਹੈ। ਦ ਕਨਫੈਡਰੇਸ਼ਨ ਆਫ ਆਲ ਇੰਡੀਆ ਟਰੇਡਰਜ਼ ਨੇ ਗੋਇਲ ਦੇ ਬਿਆਨ ਦਾ ਸਵਾਗਤ ਕਰਦੇ ਹੋਏ ਟਾਟਾ ਦੇ ਇਤਰਾਜ਼ ਨੂੰ ਮੰਦਭਾਗਾ ਦੱਸਿਆ ਹੈ।

## ਭਾਰਤ ਦੇ ਡਿਜੀਟਲ ਮੀਡੀਆ ਨਾਲ ਜੁੜੇ ਆਈਟੀ ਨਿਯਮਾਂ ਉੱਤੇ ਹਾਈ ਕੋਰਟ ਵੱਲੋਂ ਰੋਕ

ਮੁੰਬਈ, 16 ਅਗਸਤ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਡਿਜੀਟਲ ਮੀਡੀਆ ਲਈ ਨਵੇਂ ਬਣਾਏ ਗਏ ਸੂਚਨਾ ਤਕਨੀਕ (ਆਈਟੀ) ਨਿਯਮਾਂ ਦੀਆਂ ਉੱਪ ਧਾਰਾਵਾਂ 9 (1) ਕੇ 9 (3) ਦੇ ਲਾਗੂ ਕਰਨ ਉੱਤੇਅੱਜ ਬੰਬੇ ਹਾਈ ਕੋਰਟ ਨੇ ਅੰਤਰਿਮ ਰੋਕ ਲਾ ਦਿੱਤੀ ਹੈ। ਚੀਫ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਜੀਐੱਸ ਕੁਲਕਰਨੀ ਦੀ ਬੈਚ ਨੇ ਕਿਹਾ ਕਿ ਆਈਪੀਸੀ (ਇੰਡੀਅਨ ਪੀਨਲ ਕੋਡ) ਦੀਆਂ ਧਾਰਾਵਾਂ ਦੀ ਪਾਲਣਾ ਕਰਨਾ ਪਟੀਸ਼ਨਰਾਂ ਨੂੰ ਮਿਲੇ ਹੋਏ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਮੁੱਢਲੇ ਸੰਵਿਧਾਨਕ ਅਧਿਕਾਰ ਦੀ ਉਲੰਘਣਾ ਹੈ।



ਇਸ ਮੌਕੇ ਅਦਾਲਤ ਨੇ ਕਿਹਾ ਕਿ ਨਵੇਂ ਬਣਾਏ ਨਿਯਮਾਂ ਦੀ ਉਪ ਧਾਰਾ 9 ਸੂਚਨਾ ਤਕਨੀਕ ਨਿਯਮਾਂ ਦੇ ਘੇਰੇ ਤੋਂ ਵੀ ਬਾਹਰ ਚਲੀ ਜਾਂਦੀ ਹੈ। ਅਦਾਲਤ ਨੇ ਜਵਾਬ ਪੇਸ਼ ਕਰਨ ਦੇ ਹੁਕਮ ਉੱਤੇ ਰੋਕ ਲਈ ਕੇਂਦਰ ਸਰਕਾਰ ਦੀ ਅਪੀਲ ਵੀ ਰੱਦ ਕਰ ਦਿੱਤੀ, ਪਰ ਅੰਤਰ ਮੰਤਰਾਲੇ ਕਮੇਟੀ ਦੇ ਗਠਨ ਤੇ ਵਿਸ਼ੇਸ਼ ਹਾਲਤਾਂ ਵਿੱਚ ਕੁਝ ਸਮੱਗਰੀਆਂ ਰੋਕਣ ਬਾਰੇ ਆਈਟੀ ਨਿਯਮਾਂ ਦੀ ਉੱਪ ਧਾਰਾ 14 ਅਤੇ 16 ਉੱਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ।

ਵਰਨਣ ਯੋਗ ਹੈ ਕਿ ਲੀਗਲ ਨਿਊਜ਼ ਪੋਰਟਲ 'ਦਿ ਲੀਫਲੇਟ'ਤੇ ਪੱਤਰਕਾਰ ਨਿਖਿਲ ਵਾਗਲੇ ਨੇ ਨਵੇਂ ਨਿਯਮਾਂ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀਤੇ ਇਨ੍ਹਾਂ ਨਿਯਮਾਂ ਨੂੰ ਸੰਵਿਧਾਨ ਵਿੱਚ ਮਿਲੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੇ ਖ਼ਿਲਾਫ਼ ਦੱਸਿਆ ਸੀ।ਕੱਲ੍ਹ ਸ਼ੁੱਕਰਵਾਰ ਸੁਣਵਾਈ ਦੌਰਾਨ ਅਦਾਲਤ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਕਿ ਜਦੋਂ ਪਹਿਲਾਂ ਆਈ ਟੀ ਨਿਯਮ ਮੌਜੂਦ ਹਨ ਤਾਂ ਨਵੇਂ ਨਿਯਮ ਬਣਾਉਣ ਦੀ ਕੀ ਲੋੜ ਸੀ। ਕੇਂਦਰ ਵੱਲੋਂ ਪੇਸ਼ ਅਡੀਸ਼ਨਲ ਸਾਲਿਸਟਰ ਜਨਰਲ ਅਨਿਲ ਸਿੰਘ ਨੇ ਕਿਹਾ ਕਿ ਫਰਜ਼ੀ ਖਬਰਾਂ ਰੋਕਣ ਲਈ ਨਵੇਂ ਨਿਯਮ ਬਣਾਏ ਗਏ ਹਨ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

## ਧਾਰਮਿਕ ਮਾਨਤਾ ਨੂੰ ਠੇਸ ਦੇ ਦੋਸ਼ ਵਿੱਚ ਸਿੰਗਾਪੁਰੀਏ ਪੰਜਾਬੀ ਨੂੰ ਜੇਲ੍ਹ ਦੀ ਸਜ਼ਾ

ਸਿੰਗਾਪੁਰ, 16 ਅਗਸਤ (ਪੋਸਟ ਬਿਊਰੋ)- ਭਾਰਤੀ ਮੂਲ ਦੇ 53 ਸਾਲ ਸਿੰਗਾਪੁਰੀ ਨਾਗਰਿਕ ਨੂੰ ਇੱਕ ਵਿਅਕਤੀ ਦੀ ਧਾਰਮਿਕ ਮਾਨਤਾ ਨੂੰ ਠੇਸ ਲਾਉਣ ਅਤੇ ਜਨਤਕ ਤੌਰ ਉੱਤੇ ਸ਼ਰਾਬੀ ਹਾਲਤ ਵਿੱਚ ਪਾਏ ਜਾਣ ਦੇ ਦੋਸ਼ ਵਿੱਚ ਏਥੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਮੀਡੀਆ ਵਿੱਚ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ।

'ਦਿ ਸਟਰੇਟ ਟਾਈਮਜ਼' ਨੇ ਖਬਰ ਦਿੱਤੀ ਹੈ ਕਿ ਜਸਵਿੰਦਰ ਸਿੰਘ ਨੂੰ 13 ਹਫਤੇ 14 ਦਿਨ ਸਜ਼ਾ ਸੁਣਾਈ ਗਈ ਹੈ, ਜਦੋਂ ਉਸ ਨੇ ਇੱਕ ਵਿਅਕਤੀ ਦੀ ਧਾਰਮਿਕ ਆਸਥਾ ਨੂੰ ਠੇਸ ਲਾਉਣ ਦੇ ਸ਼ਬਦਾਂ ਨੂੰ ਕਹਿਣ ਅਤੇ ਜਨਤਕ ਤੌਰ ਉੱਤੇ ਨਸ਼ੇ ਦੀ ਹਾਲਤ ਵਿੱਚ ਮਿਲਣ ਦਾ ਆਪਣਾ ਦੋਸ਼ ਮੰਨ ਲਿਆ ਸੀ। ਸਜ਼ਾ ਦੇਣ ਲਈ ਸ਼ੋਸ਼ਣ ਅਤੇ ਕੋਵਿਡ-19 ਨਿਯਮਾਂ ਦੀ ਉਲੰਘਣਾ ਦੇ ਦੋ ਹੋਰ ਦੋਸ਼ਾਂ ਦਾ ਵੀ ਵਿਚਾਰ ਕੀਤਾ ਗਿਆ। ਖਬਰ ਮੁਤਾ-ਬਕ ਜਸਵਿੰਦਰ ਸਿੰਘ ਨੂੰ 29 ਜੂਨ ਤੋਂ 7 ਅਗਸਤ ਤੱਕ ਮੁਆਫੀ ਮਿਲਣ ਪਿੱਛੋਂ ਜੇਲ੍ਹ ਤੋਂ ਛੱਡਿਆ ਗਿਆ ਸੀ, ਜਦੋਂ ਇਹ ਘਟਨਾ ਵਾਪਰੀ ਸੀ। ਤੀਹ ਜੂਨ ਨੂੰ ਉਹ ਸ਼ਰਾਬ ਦੇ ਨਸ਼ੇ ਵਿੱਚ ਇੱਕ ਜਨਤਕ ਬਸ ਵਿੱਚ ਚੜ੍ਹਿਆ ਅਤੇ ਉਸ ਦੌਰਾਨ ਉਸ ਨੇ ਮਾਸਕ ਨਹੀਂ ਲਾਇਆ ਸੀ। ਬਸ ਦੇ ਇੱਕ ਥਾਂ ਰੁਕਣ ਉੱਤੇ ਜਸਵਿੰਦਰ ਨੇ ਬਸ ਚਲਕ ਕੋਲ ਜਾ ਕੇ ਉਸ ਦੇ ਕੰਨ ਵਿੱਚ ਉਸ ਦੀ ਨਸਲ ਬਾਰੇ ਪੁੱਛਿਆ। ਬਸ ਚਾਲਕ ਨੇ ਜਦੋਂ ਉਸ ਨੂੰ ਦੱਸਿਆ ਤਾਂ ਜਸਵਿੰਦਰ ਉਸ ਉੱਤੇ ਵਰ੍ਹ ਪਿਆ ਅਤੇ ਉਸ ਨੂੰ ਅੱਤਵਾਦੀ ਕਹਿਣ ਲੱਗਾ।

## ਅਮਰੀਕਾ ਵਿੱਚ 30 ਤੋਂ 39 ਸਾਲ ਦੇ ਲੋਕਾਂ ਉਤੇ ਕੋਰੋਨਾ ਦਾ ਕਹਿਰ ਜ਼ਿਆਦਾ



ਵਾਸ਼ਿੰਗਟਨ, 16 ਅਗਸਤ (ਪੋਸਟ ਬਿਊਰੋ)- ਅਮਰੀਕਾ ਵਿੱਚ ਇਸ ਵਾਰ ਕੋਰੋਨਾ ਦਾ ਕਹਿਰ ਨੌਜਵਾਨਾਂ ਉੱਤੇ ਜ਼ਿਆਦਾ ਦੇਖਣ ਨੂੰ ਮਿਲ ਰਿਹਾ ਹੈ। ਤੀਹ ਤੋਂ 39 ਸਾਲ ਦੇ ਲੋਕ ਸਭ ਤੋਂ ਵੱਧ ਪੀੜਤ ਪਾਏ ਜਾ ਰਹੇ ਹਨ।

ਬੀਤੇ ਸਾਲ ਅਮਰੀਕਾ ਵਿੱਚ ਕੋਰੋਨਾ ਮਹਾਮਾਰੀ ਉੱਠਣ ਪਿੱਛੋਂ ਇਸ ਉਮਰ ਵਰਗ ਦੇ ਪੀੜਤਾਂ ਦੇ ਹਸਪਤਾਲ ਵਿੱਚ ਭਰਤੀ ਹੋਣ ਦੀ ਤਾਜ਼ਾ ਦਰ ਸਭ ਤੋਂ ਵੱਧ ਹੋ ਗਈ ਹੈ, ਜਦ ਕਿ ਸੱਤਰ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੇ ਹਸਪਤਾਲ ਭਰਤੀ ਹੋਣ ਦੀ ਇਹ ਦਰ ਬੀਤੀ ਜਨਵਰੀ ਦੀ ਤੁਲਨਾ ਵਿੱਚ ਕਰੀਬ ਇੱਕ ਚੌਥਾਈ ਹੈ। ਦੇਸ਼ ਵਿੱਚ ਇਸ ਵਾਰ ਕੋਰੋਨਾ ਦੇ ਡੈਲਟਾ ਵੈਰੀਐਂਟ ਦਾ ਕਹਿਰ ਕਿਹਾ ਜਾਂਦਾ ਹੈ। ਅਮਰੀਕੀ ਸਿਹਤ ਏਜੰਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ ਡੀ ਸੀ) ਦੇ ਮੁਤਾਬਕ ਵੱਡੀ ਗਿਣਤੀ ਵਿੱਚ ਬੱਚੇ ਵੀ ਇਨਫੈਕਟਿਡ ਹੋ ਰਹੇ ਹਨ। ਇਸ ਸਮੇਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਹਸਪਤਾਲ ਭਰਤੀ ਹੋਣ ਦੀ ਦਰ ਵੀ ਰਿਕਾਰਡ ਪੱਧਰ ਉੱਤੇ ਹੈ। ਅਮਰੀਕਾ ਵਿੱਚ ਇੱਕ ਹਫਤੇ ਤੋਂ ਰੋਜ਼ ਔਸਤ ਕਰੀਬ ਇੱਕ ਲੱਖ 13 ਹਜ਼ਾਰ ਕੇਸ ਮਿਲ ਰਹੇ ਹਨ। ਇਸ ਤੋਂ ਪਹਿਲੇ ਹਫਤੇ ਦੇ ਮੁਕਾਬਲੇ ਰੋਜ਼ਾਨਾ ਕੇਸਾਂ ਵਿੱਚ 24 ਫੀਸਦੀ ਵਾਧਾ ਹੋਇਆ ਹੈ। ਇਸ ਸਮੇਂ ਹਸਪਤਾਲਾਂ ਵਿੱਚ ਰੋਜ਼ ਔਸਤ 9700 ਮਰੀਜ਼ ਆ ਰਹੇ ਹਨ।

jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8






CASTLEMORE/GOREWAY

ਬਰੈਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੈਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੋਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।


# ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦਗਾਰ ਬਨਾਉਣ ਤੇ ਇੰਗਲੈਂਡ ਤੋਂ ਉਸ ਦੀਆਂ ਨਿਸ਼ਾਨੀਆਂ ਲਿਆਉਣ ਦੀ ਮੰਗ ਕੀਤੀ

ਅੰਮ੍ਰਿਤਸਰ, 16 ਅਗਸਤ (ਪੋਸਟ ਬਿਊਰੋ)- ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਢੁਕਵੀਂ ਯਾਦਗਾਰ ਬਨਾਉਣ ਤੇ ਇੰਗਲੈਂਡ ਤੋਂ ਉਸ ਦੀਆਂ ਨਿਸ਼ਾਨੀਆਂ ਲਿਆਉਣ ਦੀ ਮੰਗ ਕੀਤੀ ਹੈ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਹੈ ਸ਼ਹੀਦ ਮਦਨ ਲਾਲ ਢੀਂਗਰਾ ਅਜਿਹੇ ਪਹਿਲੇ ਸ਼ਹੀਦ ਹਨ ਜਿਸ ਨੇ 1 ਜੁਲਾਈ 1909 ਨੂੰ ਭਾਰਤ ਵਿਚਲੇ ਸੈਕਟਰੀ ਆਫ ਸਟੇਟ ਦੇ ਰਾਜਸੀ ਸਹਾਇਕ ਸਰ ਵਿਲੀਅਮ ਹਟ ਕਰਜਨ ਵਾਇਲੀ ਨੂੰ ਲੰਡਨ ਵਿਚ ਮਾਰ ਮੁਕਾਇਆ ਜੋ ਭਾਰਤੀ ਵਿਦਿਆਰਥੀਆਂ ਦੀ ਖ਼ੁਫ਼ੀਆ ਨਿਗਰਾਨੀ ਕਰਦਾ ਸੀ। ਉਹ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਸੀ । ਭਾਰਤੀ ਵਿਦਿਆਰਥੀ ਉਸ ਤੋਂ ਬਹੁਤ ਦੁੱਖੀ ਸਨ । ਸਿੱਟੇ ਵਜੋਂ ਢੀਂਗਰਾ ਨੂੰ 17 ਅਗਸਤ 1909 ਨੂੰ ਲੰਡਨ ਦੀ ਪੈਂਟੋਨਵਿਲੇ ਜੇਲ੍ਹ ਵਿੱਚ ਫਾਂਸੀ 'ਤੇ ਚੜ੍ਹਾ ਕੇ ਸ਼ਹੀਦਕਰ ਦਿੱਤਾ ਗਿਆ।

ਢੀਂਗਰਾ ਦੀ ਇਸ ਦਲੇਰਾਨਾ ਕਾਰਵਾਈ ਅਤੇ ਸ਼ਹਾਦਤ ਨੇ ਭਾਰਤੀ ਨੌਜੁਆਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਇਕ ਚਿੰਗਿਆੜੀ ਦਾ ਕੰਮ ਕੀਤਾ, ਤੇ ਉਹ ਉਨ੍ਹਾਂ ਲਈ ਪਹਿਲਾ ਰੋਲ ਮਾਡਲ ਬਣਿਆ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਆਦਿ ਨੌਜੁਆਨਾਂ ਦਾ ਉਹ ਪ੍ਰੇਰਨਾ ਸ੍ਰੋਤ ਸੀ। ਡਾ.ਸੈਫ਼ੁਲ ਦੀਨ ਕਿਚਲੂ ਵੀ ਉਸ ਸਮਾਗਮ ਵਿਚ ਸ਼ਾਮਲ ਸੀ,ਜਿਸ ਵਿਚ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਉਸ ਨੇ ਅੰਮ੍ਰਿਤਸਰ ਆ ਕੇ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਸਾਰੀ ਉਮਰ ਹਿੰਦੂ ਮੁਸਲਮ ਏਕਤਾ ਤੇ ਦੇਸ਼ ਦੀ ਆਜ਼ਾਦੀ ਵਿਚ ਲਾ ਦਿੱਤੀ ਸੀ।

13 ਦਸੰਬਰ 1976 ਨੂੰ ਵੱਡੀ ਜੱਦੋ-ਜਹਿਦ ਪਿੱਛੋਂ ਲੰਡਨ ਤੋਂ ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਭਾਰਤ ਮੰਗਵਾਈਆਂ ਗਈਆਂ। ਸ਼ਰਧਾਂਜਲੀ ਭੇਂਟ ਕਰਨ ਹਿਤ ਸ਼ਹੀਦ ਦੀਆਂ ਅਸਥੀਆਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਹੁੰਦੀਆਂ ਹੋਈਆਂ 20 ਦਸੰਬਰ 1976 ਨੂੰ ਸ਼ਹੀਦ ਦੀ ਜਨਮ ਭੂਮੀ ਅੰਮ੍ਰਿਤਸਰ ਪੁੱਜੀਆਂ। ਸ਼ਹਿਰ ਦੀ ਮਾਲ ਮੰਡੀ ਨੇੜੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਉਸੇ ਦੌਰਾਨ ਸਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪਥੱਰ ਰੱਖਿਆ ਗਿਆ । ਇਸ ਥਾਂ 'ਤੇ ਸ਼ਹੀਦ ਦਾ ਬੁੱਤ ਲੱਗਾ ਹੋਇਆ ਹੈ । ਦੂਸਰਾ ਬੁੱਤ ਟਾਊਨ ਹਾਲ ਵਿਚ ਲੁਗਾ ਹੋਇਆ ਹੈ।

ਹਰ ਸਾਲ ਰਾਜ ਪੱਧਰੀ ਸਮਾਗਮ ਅੰਮ੍ਰਿਤਸਰ ਵਿਚ ਕੀਤਾ ਜਾਂਦਾ ਹੈ ਪਰ ਕਿਸੇ ਵੀ ਸਰਕਾਰ ਨੇ ਉਸ ਦੇ ਜੱਦੀ ਘਰ ਨੂੰ ਸਾਂਭਣ ਤੇ ਉਸ ਦੀ ਯਾਦ ਵਿਚ ਅਜਾਇਬ ਘਰ ਬਨਾਉਣ ਦਾ ਯਤਨ ਨਹੀਂ ਕੀਤਾ । ਪ੍ਰਵਾਰਿਕ ਮੈਂਬਰਾਂ ਵਿਚੋਂ ਇਕ ਨੇ ਜੱਦੀ ਘਰ ਨੂੰ 2012 ਵਿਚ ਵੇਚ ਦਿੱਤਾ । ਖ੍ਰੀਦਣ ਵਾਲੇ ਨੇ ਇਸ ਨੂੰ ਢਾਹ ਢੇਰੀ ਕਰ ਦਿੱਤਾ ਤੇ ਇਹ ਮਾਮਲਾ ਮਾਨਯੋਗ ਪੰਜਾਬ ਅਤੇ ਹਾਈਕੋਰਟ ਵਿਚ ਪਹੁੰਚ ਗਿਆ , ਜਿਸ ਦਾ ਰਿਟ ਨੰਬਰ ਸਿਵਲ ਰਿਟ ਪਟੀਸ਼ਨ 3197 ਆਫ਼ 2012 ਹੈ। ਕੁਝ ਖੱਬੇ ਪੱਖੀ ਜਥੇਬੰਦੀਆਂ , ਸਾਬਕਾ ਮੰਤਰੀ ਸ੍ਰੀ ਮਤੀ ਲਕਛਮੀ ਕਾਂਤਾ ਚਾਵਲਾ , ਦੇਸ਼ ਭਗਤ ਭਗਤ ਯਾਦਗਾਰ ਕਮੇਟੀ ਜਲੰਧਰ, ਸ਼ਹੀਦ ਢੀਂਗਰਾ ਦੇ ਘਰ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਣ ਲਈ ਆਵਾਜ਼ ਬੁਲੰਦ ਕਰਦੀਆਂ ਰਹੀਆ ਹਨ,ਪਰ ਅਫ਼ਸੋਸ ਦੀ ਗੱਲ ਕਿਸੇ ਵੀ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਹੈ ਤੇ ਇਹ ਘਰ ਖੰਡਰ ਬਣਿਆ ਪਿਆ ਹੈ। ਇਸ ਲਈ ਮੰਚ ਨੇ ਕੈਪਟਨ ਸਾਹਿਬ ਨੂੰ ਇਸ ਜਗਾਹ ਦਾ ਦੌਰਾ ਕਰਨ ਦੀ ਅਪੀਲ ਕੀਤੀ ਹੈ ਤੇ ਇਸ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਣ ਤੇ ਢੁਕਵੀਂ ਯਾਦਗਾਰ ਬਨਾਉਣ ਲਈ ਲੋੜੀਂਦੇ ਫੰਡ ਜਾਰੀ ਕਰਨ ਦੀ ਅਪੀਲ ਕੀਤੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




WWW.KULWINDERCHHINA.COM



KULWINDERCHHINA
BROKER
647.293.2327






Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.


STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਘਨੋਆ



## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



(905)793-2202
You can Place Your Business Here
To Reach Wider Audience



For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010


A/Z CITY DRIVER
## WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton


## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।


WORK MATCH INC.

## ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।



ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

